JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney

Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post



SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property

905-965-7474
www.SwitchInsurance.ca
7900 Hurontario St Suite 308, Brampton, ON L6Y 0P6



To view our online newspaper visit **punjabipost.ca/epaper** | Vol 22* Issue 139 | Friday, July 21, 2023 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


## ਅੰਦਰ ਇਹ ਵੀ ਪੜ੍ਹੋ


**'ਇੰਸਪੀਰੇਸ਼ਨਲ ਸਟੈੱਪਸ 2023' ਬੇਹੱਦ ਸਫਲ ਹੋ ਨਿਬੜਿਆ**




ਪੰਨਾ 05

**ਭਾਰਤੀ ਰਾਜਨੀਤੀ ਦੇ ਚਿਹਰੇ ਉੱਤੇ ਨੂਰ ਆਇਐ, ਪਰ ਰੰਗ ਉਸ ਨੂਰ ਦਾ ਸੁਲੱਖਣਾ ਨਹੀਂ**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06

# ਚੈਰਿਟੀ ਗੌਲਫ ਟੂਰਨਾਮੈਂਟ ਦੌਰਾਨ ਲੋੜਵੰਦ ਪਰਿਵਾਰਾਂ ਲਈ ਇੱਕਠੇ ਕੀਤੇ ਗਏ 210,000 ਡਾਲਰ




ਮਿਲਟਨ, 20 ਜੁਲਾਈ (ਪੋਸਟ ਬਿਊਰੋ) : ਲੋੜਵੰਦ ਪਰਿਵਾਰਾਂ ਦੀ ਮਦਦ ਲਈ 8ਵਾਂ ਸਾਲਾਨਾ ਟੀਇੰਗ ਆਫ ਫੌਰ ਅ ਮਿਰੈਕਲ ਚੈਰਿਟੀ ਗੌਲਫ ਟੂਰਨਾਮੈਂਟ ਬੀਤੇ ਦਿਨੀਂ ਕਰਵਾਇਆ ਗਿਆ। ਇਸ ਦੌਰਾਨ ਰਿਕਾਰਡ 210,000 ਡਾਲਰ ਇੱਕਠੇ ਕੀਤੇ ਗਏ।

ਇਸ ਮੌਕੇ ਟੀਜੇਐਸਐਫ ਦੇ ਪ੍ਰੈਜ਼ੀਡੈਂਟ ਟਾਈਗਰਜੀਤ ਸਿੰਘ ਜੂਨੀਅਰ ਨੇ ਆਖਿਆ ਕਿ ਲੋਕਾਂ ਵੱਲੋਂ ਇਸ ਟੂਰਨਾਮੈਂਟ ਲਈ ਮਿਲੇ ਭਰਵੇਂ ਹੁੰਗਾਰੇ ਵਾਸਤੇ ਉਹ ਸਾਰਿਆਂ ਦੇ ਬਹੁਤ ਸ਼ੁਕਰਗੁਜ਼ਾਰ ਹਨ ਤੇ ਉਨ੍ਹਾਂ ਆਖਿਆ ਕਿ ਇਸ ਦੌਰਾਨ ਜਿੰਨੀ ਰਕਮ ਇੱਕਠੀ ਹੋਈ ਹੈ ਉਸ ਦਾ ਕਿਆਸ ਵੀ ਨਹੀਂ ਸੀ ਲਾਇਆ ਜਾ ਸਕਦਾ। ਉਨ੍ਹਾਂ ਸਾਰੇ ਵਾਲੰਟੀਅਰਜ਼ ਦਾ ਦਿਲੋਂ ਧੰਨਵਾਦ ਕੀਤਾ। ਪੀਲ ਪੁਲਿਸ ਦੇ ਚੀਫ ਨਿਸ਼ਾਨ ਦੁਰੱਈਅੱਪਾ ਨੇ ਇਸ ਮੌਕੇ ਐਲਾਨ ਕੀਤਾ ਕਿ ਪੀਲ ਰੀਜਨ ਵਿੱਚ ਮਿਰੈਕਲ ਆਨ ਮੇਨ (ਜਿਸ ਨੂੰ ਪਹਿਲਾਂ ਟੌਇਜ਼ ਫੌਰ ਟੌਟਸ ਵਜੋਂ ਜਾਣਿਆ ਜਾਂਦਾ ਸੀ) ਲਈ ਜਾਗਰੂਕਤਾ ਫੈਲਾਉਣ ਵਾਸਤੇ ਪੀਲ ਪੁਲਿਸ ਤੇ ਟੀਜੇਐਸਐਫ ਰਲ ਕੇ ਕੰਮ ਕਰੇਗੀ।

ਇਸੇ ਤਰ੍ਹਾਂ ਹੀ ਹਾਲਟਨ ਪੁਲਿਸ ਤੇ ਟੀਜੇਐਸਐਫ ਪਿਛਲੇ ਪੰਜ ਸਾਲਾਂ ਤੋਂ ਹਾਲਟਨ ਰੀਜਨ ਦੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਰਲ ਕੇ ਕੰਮ ਕਰ ਰਹੀਆਂ ਹਨ। ...ਬਾਕੀ ਪੰਨਾ 2 'ਤੇ

# 65 ਫੀ ਸਦੀ ਕੈਨੇਡੀਅਨ ਸਰਕਾਰ ਦੀ ਸ਼ਾਹ-ਖਰਚੀ ਤੋਂ ਹਨ ਨਾਖੁਸ਼ : ਰਿਪੋਰਟ

ਓਟਵਾ, 20 ਜੁਲਾਈ (ਪੋਸਟ ਬਿਊਰੋ) :ਸਿਰਫ 23 ਫੀ ਸਦੀ ਤੋਂ ਵੀ ਘੱਟ ਕੈਨੇਡੀਅਨ ਇਹ ਮੰਨਦੇ ਹਨ ਕਿ ਫੈਡਰਲ ਸਰਕਾਰ ਅਹਿਮ ਮੁੱਦਿਆਂ ਜਾਂ ਸਹੀ ਥਾਂ ਉੱਤੇ ਪੈਸੇ ਖਰਚ ਰਹੀ ਹੈ। ਇਹ ਖੁਲਾਸਾ ਇਪਸੌਸ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਹੋਇਆ।

ਇਹ ਸਰਵੇਖਣ ਮਾਂਟਰੀਅਲ ਦੇ ਇਕਨੌਮਿਕ ਇੰਸਟੀਚਿਊਟ ਦੇ ਪੱਖ ਉੱਤੇ ਕਰਵਾਇਆ ਗਿਆ। ਇਸ ਵਿੱਚ ਪਾਇਆ ਗਿਆ ਕਿ 64 ਫੀ ਸਦੀ ਲੋਕਾਂ ਨੂੰ ਲੱਗਦਾ ਹੈ ਕਿ ਸਰਕਾਰ ਦੇਸ਼ ਨੂੰ ਦਰਪੇਸ਼ ਅਹਿਮ ਸਮੱਸਿਆਵਾਂ ਨੂੰ ਹੱਲ ਕਰਨ ਲਈ ਫੰਡ ਜਾਰੀ ਕਰਨ ਦੀ ਥਾਂ ਖਾਹਮਖਾਹ ਦੇ ਮੁੱਦਿਆਂ ਉੱਤੇ ਪੈਸੇ ਰੋੜ੍ਹ ਰਹੀ ਹੈ ਜਦਕਿ 13 ਫੀ ਸਦੀ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਸਪਸ਼ਟ ਜਾਣਕਾਰੀ ਨਹੀਂ ਤੇ ਉਨ੍ਹਾਂ ਵੱਲੋਂ ਇਨ੍ਹਾ ਸਵਾਲਾਂ ਦੇ ਜਵਾਬ ਦੇਣ ਤੋਂ ਵੀ ਮਨ੍ਹਾਂ ਕਰ ਦਿੱਤਾ ਗਿਆ।

55 ਫੀ ਸਦੀ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਸਰਕਾਰ ਬਹੁਤ ਜ਼ਿਆਦਾ ਪੈਸੇ ਖਰਚ ਰਹੀ ਹੈ ਜਦਕਿ 27 ਫੀ ਸਦੀ ਦਾ ਮੰਨਣਾ ਹੈ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਖਰਚੇ ਸਵੀਕਾਰਯੋਗ ਹਨ। ਸਿਰਫ ਨੌਂ ਫੀ ਸਦੀ ਕੈਨੇਡੀਅਨਜ਼ ਨੇ ਆਖਿਆ ਕਿ



ਸਰਕਾਰ ਵੱਲੋਂ ਕੀਤੇ ਜਾ ਰਹੇ ਖਰਚੇ ਕਾਫੀ ਘੱਟ ਹਨ, ਬਾਕੀ ਨੌਂ ਫੀ ਸਦੀ ਨੇ ਜਵਾਬ ਦੇਣਾ ਸਹੀ ਨਹੀਂ ਸਮਝਿਆ। ਜਿਨ੍ਹਾਂ 67 ਫੀ ਸਦੀ ਲੋਕਾਂ ਉੱਤੇ ਸਰਵੇਖਣ ਕੀਤਾ ਗਿਆ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਵੱਲੋਂ ਹੱਦੋਂ ਵੱਧ ਇਨਕਮ ਟੈਕਸ ਭਰਿਆ ਜਾ ਰਿਹਾ ਹੈ ਜਦਕਿ ਸਿਰਫ ਇੱਕ ਫੀ ਸਦੀ ਦਾ ਇਹ ਮੰਨਣਾ ਹੈ ਕਿ ਉਹ ਕਾਫੀ ਇਨਕਮ ਟੈਕਸ ਨਹੀਂ ਭਰ ਰਹੇ। ਇਪਸੌਸ ਅਨੁਸਾਰ 65 ਫੀ ਸਦੀ ਪੁਰਸ਼ਾਂ ਤੇ 70 ਫੀ ਸਦੀ ਮਹਿਲਾਵਾਂ ਦਾ ਇਹ ਮੰਨਣਾ ਹੈ ਕਿ ਉਨ੍ਹਾਂ ਵੱਲੋਂ ਭਰੇ ਜਾਣ ਵਾਲੇ ਇਨਕਮ ਟੈਕਸ ਦੀ ਰਕਮ ਕਾਫੀ ਜ਼ਿਆਦਾ ਹੈ। 55 ਤੇ ਇਸ ਤੋਂ ਵੱਧ ਉਮਰ ਦੇ 63 ਫੀ ਸਦੀ ਲੋਕਾਂ ਦੇ ਮੁਕਾਬਲੇ 72 ਫੀ ਸਦੀ 18 ਤੋਂ 34 ਸਾਲ ਉਮਰ ਵਰਗ ਦੇ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਟੈਕਸ ਕਾਫੀ ਜ਼ਿਆਦਾ ਹਨ।

ਇਸ ਤੋਂ ਇਲਾਵਾ ਸਰਵੇਖਣ ਵਿੱਚ ਇਹ ਵੀ ਪਾਇਆ ਗਿਆ ਕਿ 63 ਫੀ ਸਦੀ ਕੈਨੇਡੀਅਨ ਸਰਕਾਰ ਦੇ ਖਰਚਾ ਕਰਨ ਦੇ ਰੁਝਾਨ ਦੇ ਨਾਲ ਨਾਲ ਜਵਾਬਦੇਹੀ ਤੇ ਪਾਰਦਰਸ਼ਤਾ ਦੀ ਘਾਟ ਕਾਰਨ ਸਰਕਾਰ ਤੋਂ ਨਾਖੁਸ਼ ਹਨ। ਦੂਜੇ ਪਾਸੇ 31 ਫੀ ਸਦੀ ਦਾ ਕਹਿਣਾ ਹੈ ਕਿ ਉਹ ਸੰਤੁਸ਼ਟ ਹਨ। ਇਸ ਦੌਰਾਨ 41 ਫੀ ਸਦੀ ਲੋਕਾਂ ਨੇ ਆਖਿਆ ਕਿ ਉਹ ਕਾਰਬਨ ਪ੍ਰਾਈਸਿੰਗ ਦਾ ਸਮਰਥਨ ਕਰਦੇ ਹਨ ਜਦਕਿ 45 ਫੀ ਸਦੀ ਨੇ ਆਖਿਆ ਕਿ ਉਹ ਇਸ ਦੇ ਵਿਰੋਧ ਵਿੱਚ ਹਨ। ਹਰ ਦਸ ਵਿੱਚੋਂ ਛੇ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਸਰਕਾਰ ਵੱਲੋਂ ਕੀਤੀ ਜਾ ਰਹੀ ਸ਼ਾਹ ਖਰਚੀ ਕਾਰਨ ਹੀ ਮਹਿੰਗਾਈ ਵਿੱਚ ਵਾਧਾ ਹੋਇਆ ਹੈ ਜਦਕਿ 26 ਫੀ ਸਦੀ ਇਸ ਨਾਲ ਸਹਿਮਤ ਨਹੀਂ ਹਨ।

## ਬਰੈਂਪਟਨ ਵਿੱਚ ਅੱਜ ਤੋਂ ਸ਼ੁਰੂ ਹੋਵੇਗਾ ਮਿਊਜ਼ਿਕ ਤੇ ਡਾਂਸ ਫੈਸਟੀਵਲ




ਬਰੈਂਪਟਨ, 20 ਜੁਲਾਈ (ਪੋਸਟ ਬਿਊਰੋ) : 21 ਤੇ 22 ਜੁਲਾਈ ਨੂੰ ਗਾਰਡਨ ਸਕੁਏਅਰ ਵਿੱਚ ਹੋਣ ਜਾ ਰਹੇ ਬਰੈਂਪਟਨ ਦੇ ਮਸ਼ਹੂਰ ਮਿਊਜ਼ਿਕ ਤੇ ਡਾਂਸ ਫੈਸਟੀਵਲ ਵਿੱਚ ਹਿੱਸਾ ਲੈਣ ਲਈ ਬਾਲੀਵੁੱਡ ਦੇ ਪਲੇਅਬੈਕ ਸਿੰਗਰ ਆਮਾਨ ਤ੍ਰਿਖਾ, ਪਾਕਿਸਤਾਨੀ ਮਿਊਜ਼ਿਕ ਸੈਨਸੇਸ਼ਨ ਫਲਕ ਸ਼ਬੀਰ, ਯੂਕੇ ਦੇ ਕਿੰਗ ਭੰਗੜਾ ਮਿਊਜ਼ਿਕ ਦੇ ਜੱਸੀ ਸਿੱਧੂ ਆ ਰਹੇ ਹਨ। ਇਸ ਦੋ ਰੋਜ਼ਾ ਫੈਸਟੀਵਲ ਵਿੱਚ ਜਿੱਥੇ ਕੌਮਾਂਤਰੀ ਤੇ ਲੋਕਲ ਟੇਲੈਂਟ ਸ਼ਮੂਲੀਅਤ ਕਰੇਗਾ ਉੱਥੇ ਹੀ ਪਰਿਵਾਰਾਂ ਲਈ ਵੀ ਕਈ ਤਰ੍ਹਾਂ ਦੀਆਂ ਆਕਰਸ਼ਕ ਗਤੀਵਿਧੀਆਂ ਕਰਵਾਈਆਂ ਜਾਣਗੀਆਂ, ਖਾਣ-ਪੀਣ ਲਈ ਵੰਨ-ਸੁਵੰਨੇ ਪਕਵਾਨ ਹੋਣਗੇ ਤੇ ਸਾਊਥ ਏਸ਼ੀਆ ਦੀ ਨੁਮਾਇੰਦਗੀ ਕਰਨ ਵਾਲੇ ਡਾਂਸ ਪੇਸ਼ ਕੀਤੇ ਜਾਣਗੇ। ...ਬਾਕੀ ਪੰਨਾ 6 'ਤੇ


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance

SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial

647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons

Call : PARESH PATEL
(Government Approved Licensed Technician)
416 938 4598

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations

www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

OURR HOME & APPLIANCES
CANADA DAY SPECIAL
REGULAR DEAL $2,899
CANADA DAY SPECIAL
BLACK STAINLESS-STEEL PACKAGE $3,849
CANADA DAY SPECIAL
WASHER DRYER $1,699

LOCATIONS
ETOBICOKE: 44 Fasken Dr, #2-9, Etobicoke, On, M9W 5M8, (416) 792-0877
BRAMPTON: Unit #1, 241 Clarence St, Brampton, On, L6W 3E7, (416) 551-3343
VAUGHAN: 5781 Highway 7 Unit 10, Vaughan, ON, L4L 1T8, (416) 477-5556
OAKVILLE: 1050 Speers Road, Oakville, ON, L6L 2X4, (416) 613-0555
LONDON: Unit #4 -1540 Fanshawe Park Road West, London, On, N6H 5L8, (519) 641-1010
STONEY CREEK: Unit #6 – 410 Lewis Road, Stoney Creek, On, L8E 5Y7, (905) 643-0818

416-551-5553
WWW.OURRHOMEAPPLIANCES.COM
~OURR HOME IN EVERY HOME~

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Allstate
You're in good hands.
Insurance
*Trademark used under licence by Allstate Insurance Company. 232374 | 6-23
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance

(416-845-1352)
Manwinder Mangat
Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP

www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation

Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਰਹੀ ਨਾ ਸ਼ਰਮ-ਹਯਾ ਕੋਈ ਦੇਸ਼ ਅੰਦਰ,
ਮਨੀਪੁਰ ਇਹਦਾ ਹੈ ਸਾਫ ਸਬੂਤ ਮੀਆਂ।
ਦਰਿੰਦਗੀ ਵਾਲੀ ਜਦ ਓਸ ਥਾਂ ਹੱਦ ਹੋਈ,
ਮਰ ਗਈ ਰੂਹ ਤੇ ਰੋਂਦਾ ਕਲਬੂਤ ਮੀਆਂ।
ਨਾ ਹੀ ਡਿੱਠੀ ਨਾ ਕਿਤੇ ਸਰਕਾਰ ਰੜਕੀ,
ਸੜਕਾਂ ਉੱਤੇ ਸਨ ਬੜ੍ਹਕਦੇ ਊਤ ਮੀਆਂ।
ਡਬਲ ਇੰਜਣ ਦਾ ਸ਼ੋਸ਼ਾ ਸੀ ਗਿਆ ਕਿੱਥੇ,
ਦਿੱਸਦਾ ਕੰਮ ਨਹੀਂ ਕਿਤੇ ਜੇ ਸੂਤ ਮੀਆਂ।
ਹਾਲਤ ਦੇਸ਼ ਵਿੱਚ ਸੁਧਰਨੀ ਨਹੀਂ ਜੇਕਰ,
ਆਈ ਹਾਕਮ ਨੂੰ ਕੋਈ ਨਾ ਸ਼ਰਮ ਮੀਆਂ।
ਇਹ ਵੀ ਭਰਮ ਕਿ ਕੋਈ ਸਰਕਾਰ ਹੈਗੀ,
ਨਹੀਂ ਸਰਕਾਰ ਨਾ ਦਿੱਸਦਾ ਧਰਮ ਮੀਆਂ।

**ਤੀਸ ਮਾਰ ਖਾਂ**

# ਮਹਿੰਗਾਈ ਦਰ ਡਿੱਗਣ ਨਾਲ ਕੈਨੇਡੀਅਨਜ਼ ਨੂੰ ਮਿਲੇਗੀ ਥੋੜ੍ਹੀ ਰਾਹਤ : ਫਰੀਲੈਂਡ

ਓਟਵਾ, 20 ਜੁਲਾਈ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਜੂਨ ਵਿੱਚ ਕੈਨੇਡਾ ਦੀ ਮਹਿੰਗਾਈ ਦਰ 2.8 ਫੀ ਸਦੀ ਤੱਕ ਡਿੱਗ ਜਾਣਾ ਇਸ ਗੱਲ ਦਾ ਸਬੂਤ ਹੈ ਕਿ ਕੈਨੇਡੀਅਨਜ਼ ਨੂੰ ਹੁਣ ਥੋੜ੍ਹੀ ਰਾਹਤ ਮਿਲੇਗੀ।



ਮਈ ਵਿੱਚ 3.4 ਫੀ ਸਦੀ ਤੋਂ ਹੇਠਾਂ ਆਈ ਇਹ ਸਾਲਾਨਾ ਮਹਿੰਗਾਈ ਦਰ ਮਾਰਚ 2021 ਤੋਂ ਲੈ ਕੇ ਹੁਣ ਤੱਕ ਬੈਂਕ ਆਫ ਕੈਨੇਡਾ ਦੀ ਇੱਕ ਤੇ ਤਿੰਨ ਫੀ ਸਦੀ ਦਰਮਿਆਨ ਟਾਰਗੈਟ ਰੇਂਜ ਦੇ ਵੀ ਅੰਦਰ ਨਹੀਂ ਹੈ। ਦਿੱਲੀ ਵਿੱਚ ਜੀ-20 ਵਿੱਤ ਮੰਤਰੀਆਂ ਦੀ ਹੋ ਰਹੀ ਮੀਟਿੰਗ ਤੋਂ ਬਾਅਦ ਟੈਲੀਕਾਨਫਰੰਸ ਰਾਹੀਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਇਹ ਬਹੁਤ ਹੀ ਅਹਿਮ ਘੜੀ ਹੈ। ਇਸ ਨਾਲ ਕੈਨੇਡੀਅਨਜ਼ ਨੂੰ ਕਾਫੀ ਰਾਹਤ ਮਿਲੇਗੀ। ਉਨ੍ਹਾਂ ਇਹ ਵੀ ਆਖਿਆ ਕਿ ਉਹ ਕੈਨੇਡੀਅਨਜ਼ ਦਾ ਧੰਨਵਾਦ ਕਰਨਾ ਚਾਹੁੰਦੀ ਹੈ। ਕੋਵਿਡ ਦੀ ਮਾਰ ਜਦੋਂ ਪਹਿਲੀ ਵਾਰੀ ਪਈ ਸੀ ਉਦੋਂ ਤੋਂ ਹੀ ਆਰਥਿਕ ਤੌਰ ਉੱਤੇ ਕਾਫੀ ਮਾੜੀ ਸਥਿਤੀ ਚੱਲ ਰਹੀ ਹੈ। ਇਸ ਲਈ ਇਹ ਕਾਫੀ ਖੁਸ਼ੀ ਦਾ ਮੌਕਾ ਹੈ।

ਪਿਛਲੇ ਸਾਲ ਜੂਨ ਵਿੱਚ 8.1 ਫੀ ਸਦੀ ਤੱਕ ਅੱਪੜ ਜਾਣ ਤੋਂ ਬਾਅਦ ਦੋ ਸਾਲਾਂ ਵਿੱਚ ਇਸ ਸਮੇਂ ਮਹਿੰਗਾਈ ਦਰ ਸੱਭ ਤੋਂ ਹੇਠਲੇ ਪੱਧਰ ਉੱਤੇ ਆਈ ਹੈ। ਜਿਵੇਂ ਕਿ ਫਰੀਲੈਂਡ ਨੇ ਜ਼ਿਕਰ ਕੀਤਾ, ਹਰੇਕ ਜੀ-7 ਦੇਸ਼ ਦੇ ਮੁਕਾਬਲੇ ਕੈਨੇਡਾ ਵਿੱਚ ਮਹਿੰਗਾਈ ਸੱਭ ਨਾਲੋਂ ਘੱਟ ਹੈ। ਇੱਥੇ ਦੱਸਣਾ ਬਣਦਾ ਹੈ ਕਿ ਯੂਕੇ ਵਿੱਚ ਮਹਿੰਗਾਈ ਦਰ 8.7 ਫੀ ਸਦੀ ਤੇ ਜਾਪਾਨ ਵਿੱਚ 3.2 ਫੀ ਸਦੀ ਹੈ।

ਫਰੀਲੈਂਡ ਭਾਵੇਂ ਮਹਿੰਗਾਈ ਘਟਣ ਦੇ ਗੁਣਗਾਣ ਕਰ ਰਹੀ ਹੋਵੇ ਪਰ ਅਜੇ ਵੀ ਬਹੁਤੇ ਕੈਨੇਡੀਅਨਜ਼ ਅਜਿਹੇ ਹਨ ਜਿਹੜੇ ਰੋਜ਼ਾਨਾ ਮਹਿੰਗਾਈ ਦੀ ਮਾਰ ਸਹਿਣ ਲਈ ਮਜਬੂਰ ਹਨ, ਖਾਸਤੌਰ ਉੱਤੇ ਗਰੌਸਰੀ ਸਟੋਰਜ਼ ਉੱਤੇ ਜਿਨ੍ਹਾਂ ਨੂੰ ਅਜੇ ਵੀ ਮਹਿੰਗਾਈ ਦਾ ਨਿੱਤ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਦੌਰਾਨ ਕੰਜ਼ਰਵੇਟਿਵ ਐਮਪੀ ਤੇ ਫਾਇਨਾਂਸ ਕ੍ਰਿਟਿਕ ਜਸਰਾਜ ਸਿੰਘ ਹੱਲਾਂ ਨੇ ਆਖਿਆ ਕਿ ਇੱਕ ਪਾਸੇ ਕੈਨੇਡੀਅਨਜ਼ ਨੂੰ ਗਰੌਸਰੀ ਖਰੀਦਣ, ਕਿਰਾਇਆ ਦੇਣ ਜਾਂ ਆਪਣੀ ਕਾਰ ਵਿੱਚ ਗੈਸ ਭਰਵਾਉਣ ਲਈ ਜੱਦੋ ਜਹਿਦ ਕਰਨੀ ਪੈ ਰਹੀ ਹੈ ਅਜਿਹੇ ਵਿੱਚ ਉਨ੍ਹਾਂ ਨੂੰ ਇਹ ਆਖਣਾ ਕਿ ਹੁਣ ਤਾਂ ਸੱਭ ਠੀਕ ਹੈ ਕਿਆਸ ਤੋਂ ਬਾਹਰੀ ਗੱਲ ਹੈ। ਉਨ੍ਹਾਂ ਆਖਿਆ ਕਿ ਇੰਜ ਲੱਗਦਾ ਹੈ ਕਿ ਜਿਵੇਂ ਲਿਬਰਲ ਕਿਸੇ ਹੋਰ ਦੁਨੀਆ ਵਿੱਚ ਰਹਿ ਰਹੇ ਹੋਣ ਤੇ ਜਿਵੇਂ ਉਹ ਹਕੀਕਤ ਤੋਂ ਜਾਣੂ ਹੀ ਨਹੀਂ ਹਨ।






ਕੈਨੇਡੀਅਨ ਪੰਜਾਬੀ ਪੋਸਟ ਤੋਂ ਗੁਰਪ੍ਰੀਤ ਪੁਰਬਾ ਨੇ ਲਾਈਵ ਮੈਚ ਦੀ ਜਾਣਕਾਰੀ ਸਾਂਝੀ ਕੀਤੀ।



ਜੀਟੀ-20 ਦੀ ਧਮਾਕੇਦਾਰ ਸੁਰੂਆਤ ਬਰੈਂਪਟਨ ਵਿੱਚ ਸੀਏਏ ਸੈਂਟਰ ਦੇ TD Arena ਵਿੱਚ ਹੋਈ। ਬਰੈਂਪਟਨ ਦੇ ਮੇਅਰ ਪੈਟਰਿਕ ਬ੍ਰਾਊਨ ਅਤੇ ਉਨ੍ਹਾਂ ਦੀ ਕੌਂਸਲ ਵੱਲੋ ਕੀਤਾ ਗਿਆ ਯਤਨ ਸ਼ਲਾਗਾਯੋਗ ਹੈ । ਵੀਕ ਡੇ ਹੋਣ ਦੇ ਬਾਵਜੂਦ ਵੀ ਕ੍ਰਿਕਟ ਦੇ ਦੀਵਾਨੇ ਆਪਣੇ ਚਹੇਤੇ ਖਿਡਾਰੀਆਂ ਨੂੰ ਦੇਖਣ ਲਈ ਵਹੀਰਾਂ ਘੱਤ ਕੇ ਪਹੁੰਚੇ ਤੇ ਗਰਾਊਂਡ ਦਾ ਨਜ਼ਾਰਾ ਦੇਖਿਆ ਹੀ ਬਣਦਾ ਸੀ । ਕ੍ਰਿਸ ਗੇਲ ਨੇ ਵੀ ਆਪਣੇ ਪ੍ਰਸ਼ੰਸਕਾ ਨੂੰ ਨਿਰਾਸ਼ ਨਹੀਂ ਕੀਤਾ ਅਤੇ ਖੁੱਲ ਕੇ ਡਾਂਸ ਵੀ ਕੀਤਾ ਤੇ ਤਸਵੀਰਾਂ ਵੀ ਖਿਚਵਾਈਆ । ਸੀਜ਼ਨ 3 ਦੀ ਸੁਰੂਆਤ ਸ਼ਾਨਦਾਰ ਹੋਈ ਹੈ ਅਤੇ ਉਮੀਦ ਹੈ ਸਾਰੇ 25 ਮੈਚਾਂ ਵਿਚ ਇਸੇ ਤਰਾਂ ਨਾਲ ਭਰਵਾ ਹੁੰਗਾਰਾ ਮਿਲੇਗਾ ।

# ਚੋਰੀਆਂ ਕਰਨ ਵਾਲੇ ਗਿਰੋਹ ਦੇ 15 ਮੈਂਬਰ ਗ੍ਰਿਫਤਾਰ, 9 ਮਿਲੀਅਨ ਡਾਲਰ ਦਾ ਸਮਾਨ ਬਰਾਮਦ

ਟੋਰਾਂਟੋ, 20 ਜੁਲਾਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ (ਜੀਟੀਏ) ਦੀ ਪੁਲਿਸ ਵੱਲੋਂ ਕਾਰਗੋ ਤੇ ਕਮਰਸ਼ੀਅਲ ਵ੍ਹੀਕਲ ਚੋਰੀ ਕਰਨ ਵਾਲੇ 15 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਕੋਲੋਂ 9 ਮਿਲੀਅਨ ਡਾਲਰ ਮੁੱਲ ਦਾ ਚੋਰੀ ਦਾ ਸਮਾਨ ਬਰਾਮਦ ਹੋਇਆ ਹੈ।




ਪੀਲ ਰੀਜਨਲ ਪੁਲਿਸ ਦੀ ਅਗਵਾਈ ਵਿੱਚ ਕੀਤੀ ਗਈ ਜਾਂਚ ਨੂੰ ਪ੍ਰੋਜੈਕਟ ਬਿੱਗ ਰਿੱਗ ਦਾ ਨਾਂ ਦਿੱਤਾ ਗਿਆ। ਮਾਰਚ 2023 ਵਿੱਚ ਜਾਂਚਕਾਰਾਂ ਨੇ ਆਖਿਆ ਕਿ ਜੀਟੀਏ ਭਰ ਵਿੱਚ ਛੇ ਲੋਕੇਸ਼ਨਜ਼ ਉੱਤੇ ਛਾਪੇ ਮਾਰੇ ਗਏ ਤੇ ਉੱਥੋਂ ਚੋਰੀ ਕੀਤੇ ਕਾਰਗੋ ਦੇ 28 ਕੰਟੇਨਰ ਬਰਾਮਦ ਹੋਏ, ਜਿਨ੍ਹਾਂ ਦੀ ਕੀਮਤ 7 ਮਿਲੀਅਨ ਡਾਲਰ ਦੇ ਨੇੜੇ ਤੇੜੇ ਸੀ। ਇਸ ਤੋਂ ਇਲਾਵਾ ਚੋਰੀ ਦੇ 28 ਟਰੈਕਟਰ ਤੇ ਟਰੇਲਰਜ਼ ਵੀ ਬਰਾਮਦ ਕੀਤੇ ਗਏ ਜਿਹੜੇ 2.25 ਮਿਲੀਅਨ ਡਾਲਰ ਦੇ ਸਨ।

ਇਸ ਦੌਰਾਨ 15 ਵਿਅਕਤੀਆਂ ਖਿਲਾਫ 73 ਚਾਰਜਿਜ਼ ਲਾਏ ਗਏ। ਇਹ ਚਾਰਜਿਜ਼ ਜੁਰਮ ਨਾਲ ਬਣਾਈ ਗਈ ਸੰਪਤੀ, ਮੋਟਰ ਵ੍ਹੀਕਲ ਚੋਰੀ ਕਰਨ, ਚੋਰੀਆਂ ਕਰਨ, ਪਾਬੰਦੀ ਦੇ ਬਾਵਜੂਦ ਮੋਟਰ ਵ੍ਹੀਕਲ ਆਪਰੇਟ ਕਰਨ ਵਰਗੇ ਜੁਰਮਾਂ ਲਈ ਲਾਏ ਗਏ। ਜਾਂਚਕਾਰਾਂ ਨੇ ਦੱਸਿਆ ਕਿ ਕਾਰਗੋ ਵਿੱਚ ਕਈ ਤਰ੍ਹਾਂ ਦੀਆਂ ਕੀਮਤੀ ਚੀਜ਼ਾਂ, ਜਿਨ੍ਹਾਂ ਵਿੱਚ ਸਨੋਅਮੋਬਿਲਜ਼, ਏਟੀਵੀਜ਼ ਤੇ ਫੂਡ ਨਾਲ ਸਬੰਧਤ ਵਸਤਾਂ ਸ਼ਾਮਲ ਸਨ, ਬਰਾਮਦ ਕੀਤੀਆਂ ਗਈਆਂ।

ਡਿਟੈਕਟਿਵ ਮਾਰਕ ਹੇਅਵੁੱਡ ਨੇ ਦੱਸਿਆ ਕਿ ਇਹ ਸਾਰੇ ਮਸ਼ਕੂਕ ਫੈਂਸ ਤੋੜ ਕੇ ਕਿਸੇ ਵੀ ਫੈਸਿਲਿਟੀ ਵਿੱਚ ਦਾਖਲ ਹੁੰਦੇ ਸਨ ਤੇ ਪ੍ਰਾਪਰਟੀ ਚੋਰੀ ਕਰਨ ਤੋਂ ਬਾਅਦ ਗੱਡੀਆਂ ਭਰ ਕੇ ਉੱਥੋਂ ਚਲੇ ਜਾਂਦੇ ਸਨ। ਇਨ੍ਹਾਂ ਮੁਜਰਮਾਂ ਨੇ ਚੋਰੀ ਦਾ ਸਮਾਨ ਰੱਖਣ ਲਈ ਜੀਟੀਏ ਵਿੱਚ ਛੇ ਥਾਂਵਾਂ ਤੈਅ ਕੀਤੀਆਂ ਹੋਈਆਂ ਸਨ। ਹੇਅਵੁੱਡ ਨੇ ਆਖਿਆ ਕਿ ਪੁਲਿਸ ਦਾ ਮੰਨਣਾ ਹੈ ਕਿ ਇਸ ਜੁਰਮ ਨਾਲ ਸਬੰਧਤ ਸਾਰੇ ਮੁਜਰਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਗ੍ਰਿਫਤਾਰ ਕੀਤੇ ਗਏ 15 ਵਿਅਕਤੀਆਂ ਵਿੱਚ 42 ਸਾਲਾ ਬਲਕਾਰ ਸਿੰਘ, 26 ਸਾਲਾ ਅਜੇ ਅਜੇ, 40 ਸਾਲਾ ਮਨਜੀਤ ਪੱਡਾ, 25 ਸਾਲਾ ਜਗਜੀਵਨ ਸਿੰਘ, 41 ਸਾਲਾ ਅਮਨਦੀਪ ਬੈਦਵਾਨ, 58 ਸਾਲਾ ਕਰਮਸਾਂਦ ਸਿੰਘ,45 ਸਾਲਾ ਜਸਵਿੰਦਰ ਅਟਵਾਲ, 45 ਸਾਲਾ ਲਖਵੀਰ ਸਿੰਘ, 34 ਸਾਲਾ ਜਸਪਾਲ ਸਿੰਘ, 31 ਸਾਲਾ ਉਪਕਰਨ ਸੰਧੂ,44 ਸਾਲਾ ਸੁਖਵਿੰਦਰ ਸਿੰਘ, 39 ਸਾਲਾ ਕੁਲਵੀਰ ਬੈਂਸ, 39 ਸਾਲਾ ਬਾਨੀਸ਼ਿਦਰ ਲਾਲਸਰਨ, 23 ਸਾਲਾ ਸ਼ੋਭਿਤ ਵਰਮਾ ਤੇ 34 ਸਾਲਾ ਸੁਖਨਿੰਦਰ ਢਿੱਲੋਂ ਸ਼ਾਮਲ ਹਨ।

# ਚੱਲਦੀ ਗੱਡੀ ਵਿੱਚੋਂ ਦੂਜੀ ਗੱਡੀ ਵਿੱਚ ਸਵਾਰ ਵਿਅਕਤੀ ਨੂੰ ਮਾਰੀ ਗਈ ਗੋਲੀ

ਸਕਾਰਬਰੋ, 20 ਜੁਲਾਈ (ਪੋਸਟ ਬਿਊਰੋ) : ਸਕਾਰਬਰੋ ਵਿੱਚ ਮੰਗਲਵਾਰ ਨੂੰ ਚੱਲਦੀ ਗੱਡੀ ਵਿੱਚੋਂ ਗੋਲੀ ਮਾਰ ਕੇ ਇੱਕ ਵਿਅਕਤੀ ਨੂੰ ਜ਼ਖ਼ਮੀ ਕੀਤੇ ਜਾਣ ਦੇ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।




ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੂਟਿੰਗ ਦੀਆਂ ਖਬਰਾਂ ਮਿਲਣ ਤੋਂ ਬਾਅਦ ਉਨ੍ਹਾਂ ਦੇ ਅਧਿਕਾਰੀ ਰਾਤੀਂ 11:15 ਉੱਤੇ ਕੈਨੇਡੀ ਰੋਡ ਤੇ ਐਗਲਿੰਟਨ ਐਵਨਿਊ ਈਸਟ ਇਲਾਕੇ ਵਿੱਚ ਪਹੁੰਚੇ। ਮੌਕੇ ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਡਰਾਈਵਰ ਦੇ ਪਾਸੇ ਵੱਲ ਕਾਰ ਵਿੱਚ ਗੋਲੀਆਂ ਲੱਗਣ ਕਾਰਨ ਕਈ ਮੋਰੀਆਂ ਹੋਈਆਂ ਪਈਆਂ ਸਨ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਤਹਿਕੀਕਾਤ ਤੋਂ ਇਹ ਪਤਾ ਲੱਗਦਾ ਹੈ ਕਿ ਸੂਟਰ ਦੂਜੀ ਗੱਡੀ ਵਿੱਚ ਸਵਾਰ ਸੀ। ਕਿਸੇ ਮਸ਼ਕੂਕ ਬਾਰੇ ਜਾਂ ਉਨ੍ਹਾਂ ਵੱਲੋਂ ਵਰਤੀ ਗਈ ਗੱਡੀ ਬਾਰੇ ਕੋਈ ਜਾਣਕਾਰੀ ਅਜੇ ਪੁਲਿਸ ਵੱਲੋਂ ਸਾਂਝੀ ਨਹੀਂ ਕੀਤੀ ਗਈ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਆਊਟਡੋਰ ਇੱਕਠ ਵਿੱਚ ਚੱਲੀ ਗੋਲੀ, ਇੱਕ ਹਲਾਕ

ਇਟੋਬੀਕੋ, 20 ਜੁਲਾਈ (ਪੋਸਟ ਬਿਊਰੋ) : ਉੱਤਰੀ ਇਟੋਬੀਕੋ ਵਿੱਚ ਇੱਕ ਘਰ ਦੇ ਬਾਹਰ ਹੋਏ ਇੱਕਠ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਬੁੱਧਵਾਰ ਰਾਤੀਂ 11:45 ਦੇ ਨੇੜੇ ਤੇੜੇ ਕਿਪਲਿੰਗ ਐਵਨਿਊ ਤੇ ਐਲਬੀਅਨ ਰੋਡ ਏਰੀਆ ਵਿੱਚ ਓਰਪਿੰਗਟਨ ਕ੍ਰੀਸੈਂਟ ਉੱਤੇ ਸਥਿਤ ਟਾਊਨਹਾਊਸ ਕਾਂਪਲੈਕਸ ਵਿੱਚ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਰੈਜ਼ੀਡੈਂਟਸ ਨੇ ਦੱਸਿਆ ਕਿ 20 ਕੁ ਲੋਕਾਂ ਦਾ ਆਊਟਡੋਰ ਇੱਕਠ ਸੀ ਜਦੋਂ ਕਈ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਈਆਂ। ਜਦੋਂ ਸੂਟਿੰਗ ਹੋਈ ਤਾਂ ਸਾਰਾ ਗਰੁੱਪ ਖਿੱਲਰ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ 25 ਸਾਲਾ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਜ਼ਮੀਨ ਉੱਤੇ ਪਿਆ ਮਿਲਿਆ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।



ਟੋਰਾਂਟੋ ਪੁਲਿਸ ਦੇ ਸਾਰਜੈਂਟ ਬ੍ਰੈਂਡਨ ਪ੍ਰਾਈਸ ਨੇ ਆਖਿਆ ਕਿ ਇਹ ਸ਼ੁਕਰ ਹੈ ਕਿ ਕੋਈ ਹੋਰ ਇਸ ਘਟਨਾ ਵਿੱਚ ਜ਼ਖ਼ਮੀ ਨਹੀਂ ਹੋਇਆ। ਪੁਲਿਸ ਨੇ ਦੱਸਿਆ ਕਿ ਇੱਕ ਸ਼ੱਕੀ ਗੱਡੀ ਨੂੰ ਓਰਪਿੰਗਟਨ ਕ੍ਰੀਸੈਂਟ ਉੱਤੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ। ਇਹ ਕਾਲੇ ਰੰਗ ਦੀ ਐਸਯੂਵੀ ਦੱਸੀ ਜਾਂਦੀ ਹੈ ਜਿਸ ਦੀ ਇੱਕ ਖਿੜਕੀ ਦਾ ਸ਼ੀਸ਼ਾ ਟੁੱਟਿਆ ਹੋਇਆ ਸੀ। ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਮੌਕੇ ਤੋਂ ਚਲੇ ਗਏ ਕਈ ਚਸ਼ਮਦੀਦਾਂ ਨਾਲ ਗੱਲ ਕਰਨ ਲਈ ਉਨ੍ਹਾਂ ਨੂੰ ਲੱਭ ਰਹੀ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮਾਮਲੇ ਦੀ ਜਾਂਚ ਟੋਰਾਂਟੋ ਪੁਲਿਸ ਦੀ ਹੋਮੀਸਾਈਡ ਯੂਨਿਟ ਨੇ ਆਪਣੇ ਹੱਥ ਲੈ ਲਈ ਹੈ।

# ਬੈਡਮਿੰਟਨ ਕੈਨੇਡਾ ਵੱਲੋਂ ਪੈਨ ਐਮ ਗੇਮਜ਼ ਲਈ ਸ਼ੌਰਿਆ ਦੀ ਕੀਤੀ ਗਈ ਚੋਣ



ਓਨਟਾਰੀਓ, 20 ਜੁਲਾਈ (ਪੋਸਟ ਬਿਊਰੋ) : ਲੀਮਾ, ਪੇਰੂ ਵਿੱਚ ਹੋਣ ਜਾ ਰਹੀਆਂ ਪੈਨ ਐਮ ਗੇਮਜ਼ ਲਈ ਬੈਡਮਿੰਟਨ ਕੈਨੇਡਾ ਵੱਲੋਂ ਸ਼ੌਰਿਆ ਗੁਲਈਆ ਦੀ ਚੋਣ ਕੀਤੀ ਗਈ ਹੈ। ਗੁਲਈਆ ਇੱਥੇ ਜੂਨੀਅਰ ਨੈਸ਼ਨਲ ਟੀਮ ਮੈਂਬਰ ਵਜੋਂ ਕੈਨੇਡਾ ਦੀ ਨੁਮਾਇੰਦਗੀ ਕਰੇਗਾ।

ਉਸ ਦੀਆਂ ਕੁੱਝ ਪ੍ਰਾਪਤੀਆਂ ਹੇਠਾਂ ਲਿਖੇ ਅਨੁਸਾਰ ਹਨ :

- ਆਪਣੇ ਉਮਰ ਵਰਗ ਵਿੱਚ ਸ਼ੌਰਿਆ ਨੂੰ ਕੈਨੇਡਾ ਤੇ ਓਨਟਾਰੀਓ ਵਿੱਚ ਨੰਬਰ ਵੰਨ ਖਿਡਾਰੀ ਦਾ ਰੈਂਕ ਦਿੱਤਾ ਗਿਆ ਹੈ।
- ਇਸ ਸਮੇਂ ਉਹ ਪ੍ਰੋਵਿੰਸ਼ੀਅਲ ਤੇ ਨੈਸ਼ਨਲ ਚੈਂਪੀਅਨ ਹੈ।
- ਸਿਟੀ ਆਫ ਬਰੈਂਪਟਨ ਤੇ ਬਰੈਂਪਟਨ ਗਾਰਡੀਅਨ ਵੱਲੋਂ ਉਸ ਨੂੰ ਅਥਲੀਟ ਆਫ ਦ ਯੀਅਰ ਐਵਾਰਡ ਦਿੱਤਾ ਜਾ ਚੁੱਕਿਆ ਹੈ (ਇਹ ਐਵਾਰਡ ਹਾਸਲ ਕਰਨ ਵਾਲਾ ਉਹ ਸੱਭ ਤੋਂ ਯੰਗ ਅਥਲੀਟ ਹੈ)
- ਸਿਟੀ ਆਫ ਬਰੈਂਪਟਨ ਵੱਲੋਂ ਉਸ ਨੂੰ ਸਪੋਰਟਸ ਅਚੀਵਮੈਂਟ ਐਵਾਰਡ ਵੀ ਦਿੱਤਾ ਜਾ ਚੁੱਕਿਆ ਹੈ।
- ਅੰਡਰ-19 ਵੰਨਗੀ ਵਿੱਚ ਵਰਲਡ ਜੂਨੀਅਰ ਰੈਂਕਿੰਗ ਵਿੱਚ ਉਸ ਦਾ 59ਵਾਂ ਸਥਾਨ ਹੈ।

# ਪੀਡੀਐਟ੍ਰਿਕ ਹੈਲਥ ਕੇਅਰ ਫੰਡਾਂ ਵਿੱਚ 330 ਮਿਲੀਅਨ ਡਾਲਰ ਦਾ ਵਾਧਾ ਕਰਨ ਜਾ ਰਹੀ ਹੈ ਫੋਰਡ ਸਰਕਾਰ

ਓਨਟਾਰੀਓ, 20 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਪੀਡੀਐਟ੍ਰਿਕ ਹੈਲਥ ਕੇਅਰ ਨਾਲ ਸਬੰਧਤ ਫੰਡਾਂ ਵਿੱਚ 330 ਮਿਲੀਅਨ ਡਾਲਰ ਦਾ ਵਾਧਾ ਕੀਤਾ ਜਾ ਰਿਹਾ ਹੈ। ਸਰਕਾਰ ਨਹੀਂ ਚਾਹੁੰਦੀ ਕਿ ਪਿਛਲੇ ਸਾਲ ਰੈਸਪੀਰੇਟਰੀ ਵਾਇਰਸ ਫੈਲਣ ਨਾਲ ਬੱਚਿਆਂ ਦੇ ਹਸਪਤਾਲਾਂ ਉੱਤੇ ਜਿਹੜਾ ਬੋਝ ਪਿਆ ਸੀ ਉਹੋ ਜਿਹਾ ਭਵਿੱਖ ਵਿੱਚ ਕਦੇ ਹੋਵੇ।




ਬੁੱਧਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਇਸ ਨਾਲ ਬੱਚਿਆਂ ਦੇ ਹਸਪਤਾਲਾਂ ਨੂੰ ਆਪਣੇ ਸਟਾਫ ਵਿੱਚ ਵਾਧਾ ਕਰਨਾ ਹੋਵੇਗਾ ਤੇ ਹੋਰ ਸੇਵਾਵਾਂ ਦੇਣੀਆਂ ਹੋਣਗੀਆਂ। ਓਟਵਾ ਵਿੱਚ ਚਿਲਡਰਨਜ਼ ਹੌਸਪਿਟਲ ਆਫ ਈਸਟਰਨ ਓਨਟਾਰੀਓ ਵਿੱਚ ਇਹ ਐਲਾਨ ਕਰਦਿਆਂ ਫੋਰਡ ਨੇ ਆਖਿਆ ਕਿ ਅਸੀਂ ਸੱਭ ਜਾਣਦੇ ਹਾਂ ਕਿ ਜਦੋਂ ਬੱਚੇ ਬਿਮਾਰ ਹੁੰਦੇ ਹਨ ਤਾਂ ਮਾਪੇ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਦਾ ਨਾਂ ਬੈਕਲਾਗ ਲਿਸਟ ਜਾਂ ਵੇਟਲਿਸਟ ਵਿੱਚ ਆਵੇ। ਤੁਸੀਂ ਚਾਹੁੰਦੇ ਹੋ ਕਿ ਬੱਚੇ ਦੀ ਪੂਰੀ ਸੰਭਾਲ ਹੋਵੇ ਤੇ ਜਲਦ ਤੋਂ ਜਲਦ ਬੱਚਾ ਠੀਕ ਹੋ ਜਾਵੇ।

ਉਨ੍ਹਾਂ ਆਖਿਆ ਕਿ ਇਸੇ ਲਈ ਇਸ ਪਾਸੇ ਨਿਵੇਸ਼ ਕੀਤਾ ਜਾ ਰਿਹਾ ਹੈ ਤਾਂ ਕਿ ਬੱਚਿਆਂ ਤੇ ਨੌਜਵਾਨਾਂ ਲਈ ਉਡੀਕ ਸੂਚੀ ਖ਼ਤਮ ਕੀਤੀ ਜਾ ਸਕੇ ਤੇ ਲੋੜ ਪੈਣ ਉੱਤੇ ਵਧੇਰੇ ਬੱਚਿਆਂ ਨੂੰ ਸਹੀ ਕੇਅਰ ਮਿਲ ਸਕੇ ਜਿਸਦੀ ਉਨ੍ਹਾਂ ਨੂੰ ਜ਼ਰੂਰਤ ਹੈ। ਇਸ ਫੰਡਿੰਗ ਨਾਲ 100 ਤਰ੍ਹਾਂ ਦੀਆਂ ਪਹਿਲਕਦਮੀਆਂ ਕੀਤੀਆਂ ਜਾਣਗੀਆਂ। ਇੱਕ ਦਿਨ ਵਿੱਚ ਹੋਣ ਵਾਲੀਆਂ ਸਰਜਰੀਜ਼ ਦੀ ਗਿਣਤੀ ਵਧਾਈ ਜਾਵੇਗੀ, ਡਾਇਗਨੌਸਟਿਕ ਇਮੇਜਿੰਗ ਤੱਕ ਪਹੁੰਚ ਵਿੱਚ ਵਾਧਾ ਕੀਤਾ ਜਾਵੇਗਾ ਤੇ ਰੈਪਿਡ ਐਕਸੈੱਸ ਕਲੀਨਿਕਸ ਵਧਾਏ ਜਾਣਗੇ ਤਾਂ ਕਿ ਵਾਇਰਸ ਵਾਲੇ ਸੀਜ਼ਨ ਵਿੱਚ ਲੋਕਾਂ ਨੂੰ ਐਮਰਜੰਸੀ ਰੂਮ ਨਾ ਜਾਣਾ ਪਵੇ।

ਇਸ ਦੇ ਨਾਲ ਹੀ ਸਰਕਾਰ ਦਾ ਦਾਅਵਾ ਹੈ ਕਿ ਇਹ ਰਕਮ ਮੈਂਟਲ ਹੈਲਥ ਸੇਵਾਵਾਂ ਲਈ ਉਡੀਕ ਟਾਈਮ ਨੂੰ ਘੱਟ ਕਰਨ ਲਈ ਵਰਤੀ ਜਾਵੇਗੀ, ਅੱਠ ਨਵੇਂ ਯੂਥ ਵੈੱਲਨੈੱਸ ਹੱਬ ਖੋਲ੍ਹੇ ਜਾਣਗੇ, ਕੈਂਸਰ ਦੇ ਮਰੀਜ਼ ਬੱਚਿਆਂ ਲਈ ਸਾਈਕੋਸੋਸ਼ਲ ਮਦਦ ਵਿੱਚ ਵਾਧਾ ਕੀਤਾ ਜਾਵੇਗਾ ਤੇ ਇਸ ਦੇ ਨਾਲ ਹੀ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਵੱਡੀ ਪੱਧਰ ਉੱਤੇ ਚਲਾਇਆ ਜਾਵੇਗਾ।

# ਚੈਰਿਟੀ ਗੌਲਫ ਟੂਰਨਾਮੈਂਟ ਦੌਰਾਨ ਲੋੜਵੰਦ ਪਰਿਵਾਰਾਂ ਲਈ ਇੱਕਠੇ ਕੀਤੇ ਗਏ 210,000 ਡਾਲਰ

...ਪੰਨਾ 1 ਦਾ ਬਾਕੀ


ਮਿਲਟਨ ਦੇ ਮੇਅਰ ਗੌਰਡ ਕ੍ਰੈਂਟਜ਼ ਨੇ ਦੱਸਿਆ ਕਿ ਮਿਰੈਕਲ ਆਨ ਮੇਨ ਦਾ ਲਾਈਵ ਈਵੈਂਟ ਮਿਲਟਨ ਵਿੱਚ ਕਰਵਾਉਣ ਲਈ ਟੀਜੇਐਸਐਫ ਤੇ ਮਿਲਟਨ ਡੀਬੀਆਈਏ ਦਰਮਿਆਨ ਸਾਂਝੀ ਭਾਈਵਾਲੀ ਲਈ ਫੰਡਿੰਗ ਮੁਹੱਈਆ ਕਰਵਾਉਣ ਲਈ ਉਨ੍ਹਾਂ ਦੀ ਟਾਊਨ ਕਾਊਂਸਲ ਵੱਲੋਂ ਮਤਾ ਪਾਸ ਕੀਤਾ ਗਿਆ ਹੈ।



ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਐਲਾਨ ਕੀਤਾ ਕਿ ਮਿਰੈਕਲ ਆਨ ਮੇਨ ਨੂੰ ਫੰਡ ਕਰਨ ਦਾ ਉਨ੍ਹਾਂ ਦੀ ਸਿਟੀ ਦਾ ਇਹ ਦੂਜਾ ਸਾਲ ਹੈ। ਇਸ ਵਿੱਚ ਲੋਕਲ ਚੈਰਿਟੀਜ਼ ਤੇ ਹਸਪਤਾਲਾਂ ਰਾਹੀਂ ਬੱਚਿਆਂ ਦੀ ਮਦਦ ਲਈ ਖਿਡੌਣੇ ਆਦਿ ਮੁਹੱਈਆ ਕਰਵਾਉਣ ਲਈ ਮਿਰੈਕਲ ਆਨ ਮੇਨ ਦੇ ਨਾਲ ਨਾਲ ਰਵਾਇਤੀ ਟਰੀ ਲਾਈਟਿੰਗ ਈਵੈਂਟ ਕਰਵਾਇਆ ਜਾਂਦਾ ਹੈ। ਇਸ ਗੌਲਫ ਟੂਰਨਾਮੈਂਟ ਵਿੱਚ ਜਾਪਾਨ ਦੇ ਕਾਊਂਸਲ ਜਨਰਲ ਤਾਕੂਯਾ ਸੇਸੇਯਮਾ, ਮਿਲਟਨ ਦੇ ਮੇਅਰ ਗੌਰਡ ਕ੍ਰੈਂਟਜ਼, ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ, ਮਿਲਟਨ ਤੋਂ ਐਮਪੀ ਐਡਮ ਵੈਨ ਕੋਇਵਰਡਨ, ਪੀਲ ਦੇ ਪੁਲਿਸ ਚੀਫ ਨਿਸ਼ਾਨ ਦੁਰੱਈਅੱਪਾ, ਪੀਲ ਪੁਲਿਸ ਦੇ ਡਿਪਟੀ ਚੀਫ ਮਾਰਕ ਦਾਪਤ, ਲੀਜ਼ਾ ਰਾਇਤ, ਪੀਲ ਤੇ ਹਾਲਟਨ ਪੁਲਿਸ ਦੇ ਮੈਂਬਰ, ਮੇਪਲ ਲੀਫ ਦੇ ਐਲਿਊਮਨਾਇ ਪੀਟਰ ਇੰਗ ਐਂਡ ਰਿਕ ਨੇਟਰੈਂਸ, ਮਿਲਟਨ ਤੋਂ ਕਾਊਂਸਲਰ ਜੌਹਨ ਚੈਲੀਨਰ, ਸਮੀਰਾ ਅਲੀ ਤੇ ਕ੍ਰਿਸਟੀਨਾ ਟੈਸਰ ਡਰਸਕੇਨ ਸ਼ਾਮਲ ਸਨ। ਇਸ ਮੌਕੇ ਟੀਜੇਐਸਐਫ ਦੇ ਚੇਅਰਮੈਨ ਟਾਈਗਰਜੀਤ ਸਿੰਘ ਨੇ ਆਪਣੇ ਸਪਾਂਸਰ ਈਵਾਈ, ਕੈਡੀ ਸਪਾਂਸਰ ਜੋਚੈਮ ਤੇ ਹੋਲ ਇਨ ਵੰਨ ਸਪਾਂਸਰ ਵਾਲੈਸ ਸ਼ੈਵਰਲੇ ਦਾ ਵੀ ਧੰਨਵਾਦ ਕੀਤਾ।




**Dr. Randhawa Dentistry**



*Your own dentist who really cares for you*

**We Provide the following Services:**
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044








**Grand Upholstery Ltd**
**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

**Tel: 905.791.2888 Cell: 647.293.3212**
2053 Williams Pkwy, Unit -45, Brampton | Email: grandupholstery@gmail.com

# ਯੂਕਰੇਨ ਦੇ ਪਾਵਰ ਪਲਾਂਟ ਵਿੱਚ ਧਮਾਕੇ ਦੇ ਮੱਦੇਨਜ਼ਰ ਐਮਰਜੰਸੀ ਪ੍ਰੋਟੋਕਾਲ ਅਪਡੇਟ ਕਰਨ ਜਾ ਰਿਹਾ ਹੈ ਕੈਨੇਡਾ

ਓਟਵਾ, 20 ਜੁਲਾਈ (ਪੋਸਟ ਬਿਊਰੋ) : ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਜਾਣ ਵਾਲੇ ਸੰਭਾਵੀ ਪ੍ਰਮਾਣੂ ਹਮਲੇ ਦੇ ਮੱਦੇਨਜ਼ਰ ਕੈਨੇਡਾ ਵੱਲੋਂ ਐਮਰਜੰਸੀ ਪ੍ਰੋਟੋਕਾਲ ਅਪਡੇਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਜੇ ਯੂਕਰੇਨ ਦੇ ਪਾਵਰ ਪਲਾਂਟ ਵਿੱਚ ਧਮਾਕਾ ਹੁੰਦਾ ਹੈ ਤਾਂ ਉਸ ਨਾਲ ਯੂਰਪ ਜਾਂ ਸਮੁੰਦਰੋਂ ਪਾਰ ਫੈਲਣ ਵਾਲੀ ਰੇਡੀਏਸ਼ਨ ਨਾਲ ਕਿਸ ਤਰ੍ਹਾਂ ਸਿੱਝਿਆ ਜਾਵੇਗਾ ਇਸ ਬਾਰੇ ਕੈਨੇਡਾ ਸਾਰੇ ਸਿਸਟਮ ਨੂੰ ਲੀਹ ਉੱਤੇ ਲਿਆਉਣ ਵਿੱਚ ਜੁਟ ਗਿਆ ਹੈ।

ਇੰਟਰਨਲ ਪਬਲਿਕ ਸੇਫਟੀ ਕੈਨੇਡਾ ਦੇ ਨੋਟਸ ਅਨੁਸਾਰ ਬੇਹੱਦ ਸੰਕਟ ਦੀ ਘੜੀ ਵਿੱਚ ਫੈਡਰਲ ਸਰਕਾਰ ਕੀ ਕਦਮ ਚੁੱਕੇਗੀ ਇਸ ਬਾਰੇ ਬੇਹੱਦ ਗੁਪਤ ਪਲੈਨ ਨੂੰ ਅਪਡੇਟ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਫੈਡਰਲ ਸਰਕਾਰ ਕਿਸੇ ਵੀ ਤਰ੍ਹਾਂ ਦੇ ਸੰਭਾਵੀ ਮਿਜ਼ਾਈਲ ਹਲਮੇ ਤੋਂ ਕੈਨੇਡੀਅਨਜ ਨੂੰ ਬਚਾਉਣ ਲਈ ਪ੍ਰੋਟੋਕਾਲ ਨੂੰ ਵੀ ਫਾਈਨਲ ਕਰ ਰਹੀ ਹੈ। ਪਿਛਲੇ ਸਾਲ ਫਰਵਰੀ ਵਿੱਚ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਗਈ ਚੜ੍ਹਾਈ ਤੋਂ ਬਾਅਦ ਤੋਂ ਹੀ ਕੈਨੇਡਾ ਵਿੱਚ ਫੈਡਰਲ ਪੱਧਰ ਉੱਤੇ ਕਈ ਤਰ੍ਹਾਂ ਦੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੈ। ਇਸੇ ਲੜੀ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਉੱਤੇ ਕੈਨੇਡਾ ਦੀ ਆਪਣੇ ਮੁਲਕ ਵਾਸੀਆਂ ਨੂੰ ਬਚਾਉਣ ਦੀ ਕੀ ਤਿਆਰੀ ਹੋਵੇਗੀ ਇਸ ਬਾਰੇ ਵੀ ਚਰਚਾ ਕੀਤੀ ਜਾ ਰਹੀ ਹੈ।

ਐਮਰਜੰਸੀ ਮੈਨੇਜਮੈਂਟ ਵਿੱਚ ਸ਼ਾਮਲ ਸੀਨੀਅਰ ਬਿਊਰੋਕ੍ਰੈਟਸ ਦੀ ਅਗਸਤ



2022 ਵਿੱਚ ਅਗਾਊਂ ਹੋਈ ਮੀਟਿੰਗ ਵਿੱਚ ਪਬਲਿਕ ਸੇਫਟੀ ਨੋਟਸ ਤਿਆਰ ਕੀਤੇ ਗਏ। ਇਸ ਦੌਰਾਨ ਬਹੁਤੀ ਚਿੰਤਾ ਦਾ ਵਿਸ਼ਾ ਯੂਕਰੇਨ ਦਾ ਜ਼ਾਪਰੀਜ਼ਜ਼ੀਆ ਨਿਊਕਲੀਅਰ ਪਾਵਰ ਪਲਾਂਟ ਸੀ, ਜਿਹੜਾ ਰੂਸ ਵੱਲੋਂ ਸੁੱਟੇ ਗਏ ਗੋਲਾ ਬਾਰੂਦ ਕਾਰਨ ਨੁਕਸਾਨਿਆ ਗਿਆ ਸੀ। ਨੋਟ ਵਿੱਚ ਆਖਿਆ ਗਿਆ ਕਿ ਉੱਥੇ ਚੱਲ ਰਹੀਆਂ ਫੌਜੀ ਗਤੀਵਿਧੀਆਂ ਨਾਲ ਸੇਫਟੀ ਸਿਸਟਮ ਨੂੰ ਖੋਰਾ ਲੱਗ ਚੁੱਕਿਆ ਹੈ, ਰੁਟੀਨ ਮੇਨਟੇਨੈਂਸ ਦੇ ਨਾਂ ਉੱਤੇ ਕੁੱਝ ਖਾਸ ਨਹੀਂ ਹੋ ਰਿਹਾ, ਐਮਰਜੰਸੀ ਰਿਸਪਾਂਸ ਸਮਰੱਥਾ ਕਮਜ਼ੋਰ ਪੈ ਚੁੱਕੀ ਹੈ ਤੇ ਆਪਰੇਟ ਕਰਨ ਵਾਲਾ ਸਟਾਫ ਵੀ ਪ੍ਰਭਾਵਿਤ ਹੋਇਆ ਹੈ। ਇਸ ਨਾਲ ਕੋਈ ਵੀ ਮਾੜਾ ਹਾਦਸਾ ਕਿਸੇ ਵੀ ਸਮੇਂ ਵਾਪਰ ਸਕਦਾ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਰੇਡੀਓਐਕਟਿਵਿਟੀ ਹੁੰਦੀ ਹੈ ਤਾਂ ਉਸ ਦਾ ਜ਼ਾਹਰਾ ਤੌਰ ਉੱਤੇ ਮਾੜਾ ਪ੍ਰਭਾਵ ਪਵੇਗਾ, ਅਜਿਹਾ ਇਸ ਦੇ ਸਿੱਧਾ ਸੰਪਰਕ ਵਿੱਚ ਆਉਣ ਜਾਂ ਗੰਧਲਾ ਖਾਣਾ ਖਾਣ ਕਾਰਨ ਹੋ ਸਕਦਾ ਹੈ। ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਅਹਿਤਿਆਤਨ ਪੋਟਾਸ਼ੀਅਮ ਆਇਓਡਾਈਡ ਗੋਲੀਆਂ ਮੰਗਵਾ ਲਈਆਂ ਗਈਆਂ ਸਨ। ਇਨ੍ਹਾਂ ਗੋਲੀਆਂ ਦੀ ਵੰਡ ਅਗਸਤ 2022 ਵਿੱਚ ਕੀਵ ਤੇ ਗੁਆਂਢੀ ਡਿਪਲੋਮੈਟਿਕ ਮਿਸ਼ਨਜ਼ ਨੂੰ ਕਰ ਦਿੱਤੀ ਗਈ ਸੀ। ਇਹ ਵੀ ਦੱਸਿਆ ਗਿਆ ਕਿ ਯੂਕਰੇਨ ਤੋਂ ਬਾਹਰ ਕਿਸੇ ਤਰ੍ਹਾਂ ਦੇ ਰੇਡੀਏਸ਼ਨ ਦੇ ਪ੍ਰਭਾਵ ਵੇਖਣ ਨੂੰ ਨਹੀਂ ਮਿਲੇ।

# ਹੁਣ ਟੋਰਾਂਟੋ ਦੇ 27 ਪਾਰਕਾਂ ਵਿੱਚ ਐਲਕੋਹਲ ਦਾ ਸੇਵਨ ਕਰ ਸਕਣਗੇ ਲੋਕ

ਟੋਰਾਂਟੋ, 20 ਜੁਲਾਈ (ਪੋਸਟ ਬਿਊਰੋ) : ਇਸ ਵਿੱਚ ਕੋਈ ਲੁਕੀ ਹੋਈ ਗੱਲ ਨਹੀਂ ਹੈ ਕਿ ਗਰਮੀਆਂ ਦੇ ਦਿਨਾਂ ਵਿੱਚ ਟੋਰਾਂਟੋ ਦੇ ਪਾਰਕਾਂ ਵਿੱਚ ਬਹੁਤੇ ਟਰੌਨਟੋਰੀਅਨਜ਼ ਠੰਢੀ ਬੀਅਰ ਪੀ ਲੈਂਦੇ ਹਨ। ਹੁਣ ਉਨ੍ਹਾਂ ਨੂੰ ਅਜਿਹਾ ਕਰਦਿਆਂ ਹੋਇਆਂ ਇਹ ਡਰ ਨਹੀਂ ਸਤਾਵੇਗਾ ਕਿ ਕੋਈ ਉਨ੍ਹਾਂ ਨੂੰ ਦੇਖ ਕੇ ਸ਼ਿਕਾਇਤ ਨਾ ਕਰ ਦੇਵੇ ਜਾਂ ਉਨ੍ਹਾਂ ਨੂੰ ਪੁਲਿਸ ਵੱਲੋਂ ਟਿਕਟ ਨਾ ਮਿਲ ਜਾਵੇ। ਅਜਿਹਾ ਇਸ ਲਈ ਕਿਉਂਕਿ ਟੋਰਾਂਟੋ ਦੇ 27 ਪਾਰਕਾਂ ਵਿੱਚ ਐਲਕੋਹਲ ਦੀ ਖਪਤ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ।

ਬੁੱਧਵਾਰ ਨੂੰ ਸਿਟੀ ਕਾਊਂਸਲ ਵੱਲੋਂ ਦੋ ਮਹੀਨੇ ਦੇ ਟਰਾਇਲ ਪੀਰੀਅਡ ਲਈ ਟੋਰਾਂਟੋ ਦੇ 27 ਪਾਰਕਾਂ ਵਿੱਚ ਐਲਕੋਹਲ ਦੀ ਖਪਤ ਸਬੰਧੀ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਗਈ। ਕਾਊਂਸਲ ਵੱਲੋਂ ਮਨਜ਼ੂਰ ਕੀਤਾ ਗਿਆ ਇਹ ਪਾਇਲਟ ਪ੍ਰੋਜੈਕਟ 2 ਅਗਸਤ ਤੋਂ ਲਾਗੂ ਹੋਵੇਗਾ। ਇਸ ਦੇ ਹੱਕ ਵਿੱਚ 4 ਦੇ ਮੁਕਾਬਲੇ 21 ਵੋਟਾਂ ਪਈਆਂ। ਜਿਨ੍ਹਾਂ ਪਾਰਕਾਂ ਲਈ ਇਹ ਮਨਜ਼ੂਰੀ ਦਿੱਤੀ ਗਈ ਹੈ ਉਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :



- •Eglinton Park, Ward 8 - Eglinton-Lawrence
- •Earlscourt, Ward 9 - Davenport
- •Dufferin Grove Park, Ward 9 - Davenport
- •Campbell Avenue Playground and Park, Ward 9 - Davenport
- •Dovercourt Park, Ward 9 - Davenport
- •Roundhouse Park, Ward 10 - Spadina-Fort York
- •Trinity Bellwoods Park, Ward 10 - Spadina-Fort York
- •Christie Pits Park, Ward 11 - University-Rosedale
- •Queen's Park (110 Wellesley St W), Ward 11 - University-Rosedale
- •Sir Winston Churchill Park, Ward 12 - Toronto-St. Paul's
- •Corktown Common, Ward 13 - Toronto Centre
- •Greenwood Park, Ward 14 - Toronto-Danforth
- •Riverdale Park East, Ward 14 - Toronto-Danforth
- •Withrow Park, Ward 14 - Toronto-Danforth
- •Monarch Park, Ward 14 - Toronto-Danforth
- •Skymark Park, Ward 17 - Don Valley North
- •Lee Lifeson Art Park, Ward 18 - Willowdale
- •East Toronto Athletic Field, Ward 19 - Beaches-East York
- •Milliken Park, Ward 23 - Scarborough North
- •Neilson Park - Scarborough, Ward 25 - Scarborough-Rouge Park
- •Underpass Park, Ward 13 - Toronto Centre, 29 Lower River Street
- •Morningside Park, Ward 24 - Scarborough-Guildwood, 390 Morningside Avenue
- •McCleary Park, Ward 14 - Toronto-Danforth, 755 Lake Shore Boulevard East
- • Oriole Park, Ward 12, Toronto - St. Paul's, 201 Oriole Parkway
- •Hillcrest Park, Ward 12, Toronto - St. Paul's, 950 Davenport Road
- • Cedarvale Park, Ward 12, Toronto - St. Paul's, 443 Arlington Avenue
- •June Rowlands Park, Ward 12, Toronto - St. Paul's, 220 Davisville Avenue

ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਪਾਰਕਾਂ ਵਿੱਚ ਪੀਤੇ ਜਾਣ ਵਾਲੇ ਪੇਅ ਪਦਾਰਥ, ਜਿਨ੍ਹਾਂ ਵਿੱਚ ਐਲਕੋਹਲ ਹੋਵੇਗੀ, ਉਸ ਦੀ ਮਾਤਰਾ 15 ਫੀ ਸਦੀ (ਐਲਕੋਹਲ) ਤੋਂ ਵੱਧ ਨਹੀਂ ਹੋਣੀ ਚਾਹੀਦੀ। ਮਨਜ਼ੂਰ ਕੀਤੇ ਗਏ ਪਾਰਕਾਂ ਵਿੱਚ ਸਵੇਰੇ 5:30 ਵਜੇ ਤੋਂ ਰਾਤ ਦੇ 12:00 ਵਜੇ ਦਰਮਿਆਨ ਐਲਕੋਹਲ ਪੀ ਸਕਣ ਦੀ ਇਜਾਜ਼ਤ ਹੋਵੇਗੀ। ਦੋ ਮਹੀਨੇ ਦਾ ਸਮਾਂ ਟੱਪ ਜਾਣ ਤੋਂ ਬਾਅਦ ਇਸ ਪ੍ਰੋਜੈਕਟ ਦਾ ਮੁਲਾਂਕਣ ਕੀਤਾ ਜਾਵੇਗਾ ਤੇ ਫਿਰ ਹੀ ਅਗਲਾ ਫੈਸਲਾ ਕੀਤਾ ਜਾਵੇਗਾ।

# ਸ਼ੈਰੀਡਨ ਕਾਲਜ ਨੇੜੇ ਗੰਨ ਲੈ ਕੇ ਘੁੰਮਣ ਵਾਲੇ ਸ਼ਖ਼ਸ ਨੂੰ ਕੀਤਾ ਗਿਆ ਗ੍ਰਿਫ਼ਤਾਰ

ਓਕਵਿੱਲ, 20 ਜੁਲਾਈ (ਪੋਸਟ ਬਿਊਰੋ) : ਸ਼ੈਰੀਡਨ ਕਾਲਜ ਦੇ ਓਕਵਿੱਲ ਕੈਂਪਸ ਨੂੰ ਮੰਗਲਵਾਰ ਨੂੰ ਥੋੜ੍ਹੀ ਦੇਰ ਲਈ ਬੰਦ ਕਰ ਦਿੱਤਾ ਗਿਆ। ਪੁਲਿਸ ਨੂੰ ਇਸ ਇਲਾਕੇ ਵਿੱਚ ਇੱਕ ਵਿਅਕਤੀ ਦੇ ਗੰਨ ਲੈ ਕੇ ਘੁੰਮਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਅਜਿਹਾ ਕੀਤਾ ਗਿਆ।



ਕੈਂਪਸ ਬੰਦ ਕਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਲਟਨ ਰੀਜਨਲ ਪੁਲਿਸ ਨੇ ਟਵੀਟ ਕਰਕੇ ਦੱਸਿਆ ਕਿ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਕਾਲਜ ਵਿੱਚ ਲਾਇਆ ਗਿਆ ਲਾਕਡਾਊਨ ਖੋਲ੍ਹ ਦਿੱਤਾ ਗਿਆ ਹੈ ਤੇ ਪਬਲਿਕ ਸੇਫਟੀ ਨੂੰ ਹੁਣ ਕੋਈ ਖਤਰਾ ਨਹੀਂ ਹੈ।

ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਮਸ਼ਕੂਕ ਕੋਲੋਂ ਗੰਨ ਵੀ ਬਰਾਮਦ ਕੀਤੀ ਗਈ ਜਾਂ ਨਹੀਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਪੁਲਿਸ ਵੱਲੋਂ ਰੈਜ਼ੀਡੈਂਟਸ ਨੂੰ ਇਸ ਇਲਾਕੇ ਵਿੱਚ ਜਾਣ ਤੋਂ ਮਨ੍ਹਾਂ ਕੀਤਾ ਗਿਆ ਹੈ।

# ਅਮਰੀਕਾ ਦੇ ਐਚ-1ਬੀ ਵੀਜ਼ਾ ਧਾਰਕਾਂ ਨੂੰ ਆਕਰਸ਼ਿਤ ਕਰਨ ਲਈ ਕੈਨੇਡਾ ਵੱਲੋਂ ਲਾਂਚ ਕੀਤਾ ਜਾ ਰਿਹਾ ਹੈ ਨਵਾਂ ਵਰਕ ਪਰਮਿਟ

ਓਟਵਾ, 20 ਜੁਲਾਈ (ਪੋਸਟ ਬਿਊਰੋ) : ਅਮਰੀਕਾ ਵਿੱਚ ਰਹਿ ਰਹੇ ਫੌਰਨ ਵਰਕਰਜ਼ ਨੂੰ ਕੈਨੇਡਾ ਸੱਦਣ ਲਈ ਫੈਡਰਲ ਸਰਕਾਰ ਵੱਲੋਂ ਇੱਕ ਨਵੇਂ ਵਰਕ ਪਰਮਿਟ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਦੀ ਸ਼ੁਰੂਆਤ ਐਤਵਾਰ ਤੋਂ ਕੀਤੀ ਗਈ। ਅਮਰੀਕਾ ਵਿੱਚ ਰਹਿ ਰਹੇ ਫੌਰਨ ਵਰਕਰਜ਼, ਜਿਨ੍ਹਾਂ ਕੋਲ ਐਚ-1 ਬੀ ਵੀਜ਼ਾ ਹੈ, ਹੁਣ ਕੈਨੇਡਾ ਵਿੱਚ ਕੰਮ ਕਰਨ ਤੇ ਰਹਿਣ ਲਈ ਅਪਲਾਈ ਕਰ ਸਕਣਗੇ। ਫੈਡਰਲ ਸਰਕਾਰ ਟੈਕਨੀਕਲ ਵਰਕਰਜ਼ ਨੂੰ ਆਕਰਸ਼ਿਤ ਕਰਨ ਲਈ ਇਹ ਨਵੀਂ ਰਣਨੀਤੀ ਲੈ ਕੇ ਆਈ ਹੈ। ਐਚ-1ਬੀ ਸਪੈਸ਼ਿਐਲਿਟੀ ਓਕਿਊਪੇਸ਼ਨ ਵੀਜ਼ਾ ਹੋਲਡਰ ਵਰਕ ਪਰਮਿਟ ਦਾ ਐਲਾਨ ਜੂਨ ਵਿੱਚ ਕੀਤਾ ਗਿਆ ਸੀ ਤੇ ਕਈ ਹੋਰਨਾਂ ਵਰਕਰਜ਼ ਪਰਮਿਟਸ ਲਈ ਅਪਡੇਟ ਵੀ ਜਾਰੀ ਕੀਤੀ ਗਈ ਸੀ। ਇਸ ਦੇ ਨਾਲ ਹੀ ਸਾਇੰਸ, ਟੈਕਨਾਲੋਜੀ, ਇੰਜਨੀਅਰਿੰਗ ਤੇ ਮੈਥ (ਸਟੈੱਮ) ਦੇ ਖੇਤਰ ਵਿੱਚ ਕੰਮ ਕਰ ਰਹੇ ਜਾਂ ਟਰੇਨਡ ਵਰਕਰਜ਼ ਨੂੰ ਕੈਨੇਡਾ ਸੱਦਣ ਲਈ ਐਕਸਪ੍ਰੈੱਸ ਐਂਟਰੀ ਪ੍ਰੋਗਰਾਮ ਵੀ ਸਰਕਾਰ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ।



ਬਿਨੈਕਾਰਾਂ ਨੂੰ ਕੁੱਝ ਖਾਸ ਗੱਲਾਂ ਦਾ ਖਿਆਲ ਰੱਖਣਾ ਹੋਵੇਗਾ, ਜਿਵੇਂ ਕਿ ਐਚ-ਬੀ ਵੀਜ਼ਾ ਪ੍ਰੋਗਰਾਮ ਉੱਚ ਪੱਧਰੀ ਸਿੱਖਿਆ ਪ੍ਰਾਪਤ ਵਿਅਕਤੀਆਂ ਲਈ ਹੀ ਹੁੰਦਾ ਹੈ, ਜਿਹੜੇ ਕਿ ਕਿਸੇ ਖਾਸ ਕਿੱਤੇ ਨਾਲ ਜੁੜੇ ਹੁੰਦੇ ਹਨ ਜਾਂ ਉਸ ਕਿੱਤੇ ਲਈ ਕੰਮ ਕਰਨ ਲਈ ਟਰੇਨਡ ਹੁੰਦੇ ਹਨ। ਇਸ ਤਰ੍ਹਾਂ ਦੀ ਨੌਕਰੀ ਲਈ ਅਕਸਰ ਵਾਧੂ ਸਿੱਖਿਆ ਜਿਵੇਂ ਕਿ ਬੈਚਲਰਜ਼ ਡਿਗਰੀ ਜਾਂ ਸਰਟੀਫਿਕੇਸ਼ਨ ਜਾਂ ਸਬੰਧਤ ਕਿੱਤੇ ਲਈ ਕੰਮ ਕਰਨ ਵਾਸਤੇ ਸਪੈਸ਼ਲ ਲਾਇਸੰਸ ਹੋਣਾ ਜ਼ਰੂਰੀ ਹੁੰਦਾ ਹੈ।

ਐਚ-1ਬੀ ਵੀਜ਼ਾ ਹੋਲਡਰਜ਼ ਤਿੰਨ ਸਾਲ ਲਈ ਅਮਰੀਕਾ ਵਿੱਚ ਕੰਮ ਕਰ ਸਕਦੇ ਹਨ ਤੇ ਉੱਥੇ ਰਹਿ ਸਕਦੇ ਹਨ ਤੇ ਬਹੁਤ ਹੀ ਵਿਲੱਖਣ ਮਾਮਲੇ ਵਿੱਚ ਛੇ ਸਾਲ ਲਈ ਅਜਿਹਾ ਕਰ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦਾ ਪਤੀ ਜਾਂ ਪਤਨੀ ਜਾਂ ਕੁਆਰੇ ਬੱਚੇ, ਜਿਨ੍ਹਾਂ ਦੀ ਉਮਰ 21 ਸਾਲ ਤੋਂ ਘੱਟ ਹੈ, ਉਨ੍ਹਾਂ ਨਾਲ ਰਹਿ ਸਕਦੇ ਹਨ। ਹਾਲਾਂਕਿ ਫੈਡਰਲ ਸਰਕਾਰ ਦੇ ਅਮਰੀਕਾ ਦੇ ਐਚ-1ਬੀ ਵੀਜ਼ਾ ਹੋਲਡਰਜ਼ ਨੂੰ ਕੈਨੇਡਾ ਸੱਦਣ ਵਾਲੇ ਇਸ ਪ੍ਰੋਗਰਾਮ ਦਾ ਐਲਾਨ ਤਕਨਾਲੋਜੀ ਦੇ ਖੇਤਰ ਵਿੱਚ ਵਰਕਰਜ਼ ਨੂੰ ਆਕਰਸ਼ਿਤ ਕਰਨ ਲਈ ਕੀਤਾ ਗਿਆ ਪਰ ਇਹ ਪ੍ਰੋਗਰਾਮ ਕਿਸੇ ਵੀ ਕਿੱਤੇ ਨਾਲ ਸਬੰਧਤ ਨੌਕਰੀ ਕਰ ਰਹੇ ਅਮਰੀਕਾ ਦੇ ਐਚ-1ਬੀ ਵੀਜ਼ਾ ਧਾਰਕਾਂ ਲਈ ਖੁੱਲ੍ਹਾ ਹੈ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਵੱਲੋਂ ਮਨਜ਼ੂਰ ਨੌਕਰੀਆਂ ਵਿੱਚ ਸਾਫਟਵੇਅਰ ਇੰਜੀਨੀਅਰ, ਗ੍ਰੈਫਿਕ ਡਿਜ਼ਾਈਨਰਜ਼, ਇਲੈਕਟ੍ਰਿਕ ਇੰਜੀਨੀਅਰਜ਼ ਦੇ ਨਾਲ ਨਾਲ ਡਾਕਟਰਾਂ, ਅਧਿਆਪਕਾਂ ਤੇ ਥੈਰੇਪਿਸਟਸ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਸਫਲ ਰਹਿਣ ਵਾਲੇ ਬਿਨੈਕਾਰਾਂ ਨੂੰ ਇਸ ਪ੍ਰੋਗਰਾਮ ਤਹਿਤ ਓਪਨ ਵਰਕ ਪਰਮਿਟ ਦਿੱਤਾ ਜਾਵੇਗਾ, ਜਿਸ ਨਾਲ ਉਹ ਅਗਲੇ ਤਿੰਨ ਸਾਲਾਂ ਲਈ ਕੈਨੇਡਾ ਵਿੱਚ ਰਹਿ ਤੇ ਕੰਮ ਕਰ ਸਕਣਗੇ। ਜੇ ਪਰਮਿਟ ਹੋਲਡਰ ਨੂੰ ਨੌਕਰੀ ਵਿੱਚੋਂ ਕੱਢ ਦਿੱਤਾ ਜਾਂਦਾ ਹੈ ਜਾਂ ਉਹ ਨੌਕਰੀ ਛੱਡ ਦਿੰਦਾ ਹੈ ਤਾਂ ਕੈਨੇਡੀਅਨ ਵਰਕ ਪਰਮਿਟ ਨੂੰ ਖਾਰਜ ਨਹੀਂ ਕੀਤਾ ਜਾਵੇਗਾ। ਇਹ ਅਮਰੀਕਾ ਦੇ ਐਚ-1ਬੀ ਤੋਂ ਬਿਲਕੁਲ ਉਲਟ ਹੈ ਕਿਉਂਕਿ ਅਮਰੀਕਾ ਵਿੱਚ ਇਹ ਰੁਝਾਨ ਹੈ ਕਿ ਸਬੰਧਤ ਵਰਕਰ ਨੂੰ 60 ਦਿਨਾਂ ਦੇ ਅੰਦਰ ਅੰਦਰ ਨਵੀਂ ਨੌਕਰੀ ਲੱਭਣੀ ਪੈਂਦੀ ਹੈ ਜਾਂ ਦੇਸ਼ ਛੱਡਣਾ ਪੈਂਦਾ ਹੈ।

ਇਸ ਪ੍ਰੋਗਰਾਮ ਵਿੱਚ ਦਿਲਚਸਪੀ ਰੱਖਣ ਵਾਲੇ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਪੇਜ ਪੋਰਟਲ ਰਾਹੀਂ ਅੱਗੇ ਦੱਸੇ ਜਾ ਰਹੇ ਦਸਤਾਵੇਜ਼ ਜਮ੍ਹਾਂ ਕਰਵਾ ਕੇ ਅਪਲਾਈ ਕਰ ਸਕਦੇ ਹਨ : ਆਪਣੇ ਮੌਜੂਦਾ ਐਚ-1ਬੀ ਵੀਜ਼ਾ ਦੀ ਕਾਪੀ, ਨੋਟਿਸ ਆਫ ਐਕਸ਼ਨ ਫਾਰਮ, ਜਿਸ ਨਾਲ ਇਹ ਪੁਸ਼ਟੀ ਹੋਵੇਗੀ ਕਿ ਅਮਰੀਕੀ ਸਰਕਾਰ ਨੇ ਉਨ੍ਹਾਂ ਦਾ ਵਰਕਰਜ਼ ਪਰਮਿਟ ਕਦੋਂ ਮਨਜ਼ੂਰ ਕੀਤਾ ਤੇ ਉਨ੍ਹਾ ਦੇ ਅਮਰੀਕਾ ਵਿੱਚ ਰਹਿਣ ਦਾ ਸਬੂਤ ਵੀ ਬਿਨੈਕਾਰ ਨੂੰ ਦੇਣਾ ਹੋਵੇਗਾ। ਬਿਨੈਕਾਰ ਨੂੰ 155 ਕੈਨੇਡੀਅਨ ਡਾਲਰ ਖਰਚ ਕੇ ਅਰਜ਼ੀ ਭਰਨੀ ਹੋਵੇਗੀ ਤੇ ਜੇ ਇਹ ਮਨਜ਼ੂਰ ਹੋ ਜਾਂਦੀ ਹੈ ਤਾਂ ਛੇ ਹਫਤਿਆਂ ਵਿੱਚ ਬਿਨੈਕਾਰ ਨੂੰ ਇਸ ਬਾਰੇ ਜਾਣੂ ਕਰਵਾਇਆ ਜਾਵੇਗਾ।

# ਪਿੱਕਰਿੰਗ ਦੇ ਕਸੀਨੋ ਤੋਂ ਚੋਰੀ ਹੋਈ ਲਗਜ਼ਰੀ ਐਸਯੂਵੀ

ਦਰਹਾਮ, 20 ਜੁਲਾਈ (ਪੋਸਟ ਬਿਊਰੋ) : ਪਿੱਕਰਿੰਗ ਕਸੀਨੋ ਰਿਜ਼ਾਰਟ ਉੱਤੇ ਹੋਈ ਕਾਰਜੈਕਿੰਗ ਵਿੱਚ ਐਸਟਨ ਮਾਰਟਿਨ ਐਸਯੂਵੀ ਚੋਰੀ ਹੋ ਜਾਣ ਦੇ ਮਾਮਲੇ ਵਿੱਚ ਦਰਹਾਮ ਪੁਲਿਸ ਕਈ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

17 ਜੁਲਾਈ ਨੂੰ ਇੱਕ ਮਹਿਲਾ ਵੱਲੋਂ ਆਪਣੀ ਕਾਰ ਚੋਰੀ ਹੋਣ ਦੀ ਸ਼ਿਕਾਇਤ ਕੀਤੇ ਜਾਣ ਉੱਤੇ ਅਧਿਕਾਰੀਆਂ ਨੂੰ ਸਵੇਰੇ 8:45 ਉੱਤੇ ਕਸੀਨੋ ਰਿਜ਼ਾਰਟ ਦੇ ਪਾਰਕਿੰਗ ਗੈਰਾਜ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਚਾਰ ਮਸ਼ਕੂਕ ਚੋਰੀ ਦੀ ਚਿੱਟੇ ਰੰਗ ਦੀ ਲੈਂਡ ਰੋਵਰ ਵਿੱਚ ਪਾਰਕਿੰਗ ਗੈਰਾਜ ਵਿੱਚ ਪਹੁੰਚੇ ਤੇ ਆਪਣੀ ਐਸਟਨ ਮਾਰਟਿਨ



ਐਸਯੂਵੀ ਤੋਂ ਉਤਰ ਰਹੀ ਮਹਿਲਾ ਕੋਲ ਪਹੁੰਚ ਕੇ ਉਨ੍ਹਾਂ ਚਾਬੀਆਂ ਦੀ ਮੰਗ ਕੀਤੀ।

ਮਹਿਲਾ ਨੇ ਕਸੀਨੋ ਵੱਲ ਭੱਜਣ ਦੀ ਕੋਸ਼ਿਸ਼ ਕੀਤੀ ਪਰ ਮਸ਼ਕੂਕਾਂ ਨੇ ਉਸ ਨੂੰ ਧੱਕਾ ਦੇ ਕੇ ਜ਼ਮੀਨ ਉੱਤੇ ਸੁੱਟ ਦਿੱਤਾ ਤੇ ਉਸ ਦਾ ਹੈਂਡਬੈਗ ਵੀ ਚੋਰੀ ਕਰ ਲਿਆ। ਮਸ਼ਕੂਕਾਂ ਨੇ ਬੈਗ ਵਿੱਚੋਂ ਚਾਬੀਆਂ ਕੱਢੀਆਂ ਤੇ ਉਸ ਦੀ ਐਸਟਨ ਮਾਰਟਿਨ ਐਸਯੂਵੀ ਲੈ ਕੇ ਫਰਾਰ ਹੋ ਗਏ। ਪੁਲਿਸ ਕੋਲ ਚਾਰਾਂ ਵਿੱਚੋਂ ਦੋ ਮਸ਼ਕੂਕਾਂ ਦੇ ਵੇਰਵੇ ਹਨ। ਪਹਿਲਾ ਵਿਅਕਤੀ ਪੰਜ ਫੁੱਟ ਦਸ ਇੰਚ ਦੇ ਨੇੜੇ ਤੇੜੇ ਦੱਸਿਆ ਜਾਂਦਾ ਹੈ,ਜੋ ਕਿ ਪਤਲਾ ਹੈ, ਉਸ ਨੇ ਕਾਲਾ ਮਾਸਕ, ਖਾਖੀ ਹੁੱਡ ਵਾਲੀ ਸਵੈੱਟਸ਼ਰਟ, ਖਾਖੀ ਜੌਗਿੰਗ ਪੈਂਟ ਤੇ ਕਾਲੇ ਜੁੱਤੇ ਪਾਏ ਹੋਏ ਸਨ।

ਦੂਜੇ ਵਿਅਕਤੀ ਦਾ ਕੱਦ ਵੀ ਪੰਜ ਫੁੱਟ ਦਸ ਇੰਚ ਦੇ ਨੇੜੇ ਤੇੜੇ ਦੱਸਿਆ ਜਾਂਦਾ ਹੈ, ਉਹ ਪਤਲਾ ਸੀ, ਉਸ ਨੇ ਵੀ ਕਾਲਾ ਮਾਸਕ, ਕਾਲੀ ਜ਼ਿੱਪਰ ਤੇ ਹੁੱਡ ਵਾਲੀ ਸਵੈੱਟਸ਼ਰਟ ਤੇ ਕਾਲੀਆਂ ਜੌਗਿੰਗ ਪੈਂਟਸ ਪਾਈਆਂ ਹੋਈਆਂ ਸਨ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
647-998-7500 ਬਲਵਿੰਦਰ

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com •

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Forklift Training
Forklift $79 Recertification
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਪੈਨਾਹਿਲ ਸੀਨੀਅਰਜ਼ ਕਲੱਬ ਦੇ ਮੈਂਬਰਾਂ ਸੈਂਟਰ ਆਈ ਲੈਂਡ ਦਾ ਟੂਰ ਲਾਇਆ



(ਬਰੈਂਪਟਨ/ਬਾਸੀ ਹਰਚੰਦ): 15 ਜੁਲਾਈ ਦਿਨ ਸਨਿਚਰਵਾਰ ਨੂੰ ਪੈਨਾਹਿਲ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਸੈਂਟਰ ਆਈਲੈਂਡ ਦਾ ਟੂਰ ਲਾਇਆ। ਇਸ ਦਿਨ ਤੇ ਆਈ ਲੈਂਡ ਵਿਖੇ ਹਰੇ ਰਾਮਾ ਹਰੇ ਕ੍ਰਿਸ਼ਨਾ ਸੰਸਥਾ ਵੱਲੋਂ ਦਿਲਚਸਪ ਧਾਰਮਿਕ ਪ੍ਰੋਗਰਾਮ ਕੀਤਾ ਜਾਂਦਾ ਹੈ।

ਉਂਝ ਵੀ ਗਰਮੀਆਂ ਵਿੱਚ ਇਹ ਸੁੰਦਰ ਜਗਾਹ ਵੇਖਣ ਵਾਲੀ ਹੁੰਦੀ ਹੈ। ਸਵੇਰੇ ਸਾਢੇ ਕੁ ਦਸ ਵਜੇ ਬੱਸ ਪੈਨਾਹਿਲ ਪਾਰਕ ਤੋਂ ਰਵਾਨਾ ਹੋਈ। ਸਵਾ ਗਿਆਰਾਂ ਵਜੇ ਜੈਕ ਲੇਟਨ ਹਾਰਬਰ ਤੇ ਪਹੁੰਚ ਗਈ। ਰਸਤੇ ਵਿੱਚ ਮੈਂਬਰਾਂ ਨੂੰ ਸਨੈਕਸ ਦੀ ਰੀਫਰੈਸ਼ਮੈਂਟ ਦਿਤੀ ਗਈ। ਉਥੋਂ ਫੈਰੀ ਤੇ ਸਵਾਰ ਹੋ ਕੇ ਆਈਲੈਂਡ ਵਿਖੈ ਪਹੁੰਚ ਗਏ। ਸਾਰਾ ਦਿਨ ਘੁੰਮ ਫਿਰ ਕੇ ਬੀਚ ਦੇ ਨਜ਼ਾਰੇ ਲੈਂਦੇ ਪੰਡਾਲ ਵਿਚ ਪਹੁੰਚ ਕੇ ਅਨੰਦ ਮਾਣਿਆ । ਸ਼ਾਮ ਨੂੰ ਸਾਢੇ ਕੁ ਪੰਜ ਵਜੇ ਖੁਸੀ ਖੁਸੀ ਘਰਾਂ ਵੱਲ ਚਾਲੇ ਪਾ ਦਿਤੇ। ਪਰਧਾਨ ਸੁਖਦੇਵ ਸਿੰਘ ਫਰਵਾਹਾ,ਨਿਰਮਲ ਸਿੰਘ ਖੰਘੂੜਾ, ਬਲਦੇਵ ਕ੍ਰਿਸ਼ਨ, ਸੁਖਦੇਵ ਸਿੰਘ ਮਾਨ,ਜਸਵੰਤ ਸਿੰਘ ਕੋਕਰੀਬੀਬੀ ਅਵਿਨਾਸ਼, ਬੀਬੀ ਪ੍ਰੀਤਮ ਕੌਰ ਆਦਿ ਨੇ ਟੂਰ ਪ੍ਰੋਗਰਾਮ ਦੀ ਸੇਵਾ ਨਿਭਾਈ।

# ਬਰੇਡਨ ਸੀਨੀਅਰਜ਼ ਕਲੱਬ ਨੇ ਸੈਂਟਰ ਆਈਲੈਂਡ ਹਰੇ ਰਾਮਾ ਪ੍ਰੋਗਰਾਮ ਵੇਖਿਆ

(ਬਰੈਂਪਟਨ/ ਬਾਸੀ ਹਰਚੰਦ )ਬਰੇਡਨ ਸੀਨੀਅਰਜ਼ ਕਲੱਬ ਆਪਣੇ ਮੈਂਬਰਾਂ ਦੇ ਮਨੋਰੰਜਨ ਕਰਾਉਣ ਲਈ ਸਮੇਂ ਸਮੇਂ ਪ੍ਰੋਗਰਾਮ ਉਲੀਕਦੀ ਰਹਿੰਦੀ ਹੈ। ਜੁਲਾਈ ਮਹੀਨੇ ਸੈਂਟਰ ਆਈਲੈਡ ਤੇ ਹਰੇ ਰਾਮਾ ਹਰੇ ਕ੍ਰਿਸ਼ਨਾ ਦਿਲਚਸਪ ਪ੍ਰੋਗਰਾਮ ਹੁੰਦਾ ਹੈ। ਇਹ ਪ੍ਰੋਗਰਾਮ ਦੇਖਣ ਲਈ ਕਲੱਬ ਨੇ ਆਪਣੇ ਮੈਂਬਰਾਂ ਬੀਬੀਆ ਅਤੇ ਆਦਮੀਆ ਲਈ ਬੱਸ ਰਾਹੀਂ ਜਾਣ ਦਾ ਪਰਬੰਧ ਕੀਤਾ। ਸਵੇਰੇ ਨੌ ਵਜੇ ਬੱਸ ਟਰੀਲਾਈਨ ਪਬਲਿਕ ਸਕੂਲ ਤੋਂ ਬੱਸ ਭਰ ਕੇ ਮੰਜਲ ਵੱਲ ਰਵਾਨਾ ਹੋਈ। ਰਸਤੇ ਵਿੱਚ ਸਾਰੇ ਹਸਦੇ ਖੇਡਦੇ ਠਾਹਕੇ ਲਾਉਂਦੇ ਜੈਕ ਲੇਟਨ ਹਾਰਬਰ ਤੇ ਫੈਰੀ ਤੇ ਚੜਣ ਲਈ ਪਹੁੰਚ ਗਏ। ਫੈਰੀ ਰਾਹੀ ਸੈਂਟਰ ਆਈ ਲੈਂਡ ਪਹੁੰਚੇ ।ਬੀਚ ਤੱਕ ਸਾਰੇ ਘੁੰਮ ਫਿਰ ਕੇ ਹਰੇ ਰਾਮਾ ਦੇ ਵੱਖ ਵੱਖ ਪੰਡਾਲਾਂ ਦਾ ਅਨੰਦ ਮਾਣਿਆ।





ਗਿਧੇ ਪਾਏ ਰਲ ਕੇ ਭੋਜਨ ਛਕੇ। ਸ਼ਾਮ ਦੇ ਪੰਜ ਵਜੇ ਬੱਸ ਤੇ ਘਰਾਂ ਵੱਲ ਰਵਾਨਾ ਹੋ ਗਏ। ਗੁਰਦੇਵ ਸਿੰਘ ਸਿੱਧੂ, ਗੁਰਦੇਵ ਸਿੰਘ ਭੱਠਲ, ਤਾਰਾ ਸਿੰਘ ਗਰਚਾ,ਪਿਆਰਾ ਸਿੰਘ ਹੰਸਰਾ, ਬੀਬੀ ਸੁਰਨਜੀਤ ਕੌਰ ਸਿੱਧੂ,, ਤੇਜ ਕੌਰ,ਅਵਤਾਰ ਕੌਰ ਬਾਸੀ,ਮਿਸਜ ਬੱਠਲ ਆਦਿ ਨੇ ਟੂਰ ਸਫਲ ਕਰਨ ਵਿੱਚ ਬੜਾ ਯੋਗਦਾਨ ਪਾਇਆ। ਅੱਗੇ ਤੋਂ ਹੋਰ ਟੂਰ ਦੀ ਤਿਆਰੀ ਲਈ ਸਲਾਹ ਮਸ਼ਵਰਾ ਕੀਤਾ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ ਵਿੱਚ ‘ਪੰਜਾਬ ਦੀ ਕੋਇਲ’ ਸੁਰਿੰਦਰ ਕੌਰ ਬਾਰੇ ਹੋਈ ਭਾਵਪੂਰਤ ਚਰਚਾ

ਬਰੈਂਪਟਨ, (ਡਾ. ਝੰਡ)- ਕੈਨੇਡੀਅਨ ਪੰਜਾਬੀ ਸਾਹਿਤ ਟਰਾਂਟੋ ਦੇ ਮਹੀਨਾਵਾਰ ਸਮਾਗ਼ਮ ਵਿੱਚ ਐਤਵਾਰ 16 ਜੁਲਾਈ ਨੂੰ ਪੰਜਾਬ ਦੀ ਮਹਾਨ ਗਾਇਕਾ ਜਿਸ ਨੂੰ ‘ਪੰਜਾਬ ਦੀ ਕੋਇਲ’ ਦੀ ਉਪਾਧੀ ਦਿੱਤੀ ਗਈ ਹੈ, ਦੇ ਜੀਵਨ ਅਤੇ ਉਨ੍ਹਾਂ ਦੀ ਪੰਜਾਬੀ ਗਾਇਕੀ ਨੂੰ ਮਹਾਨ ਦੇਣ ਬਾਰੇ ਸਾਰਥਿਕ ਚਰਚਾ ਕੀਤੀ ਗਈ। ਇਸ ਚਰਚਾ ਦੇ ਮੁੱਖ-ਬੁਲਾਰੇ ਸਭਾ ਦੇ ਸਰਗ਼ਰਮ ਮੈਂਬਰ ਡਾ. ਜਗਮੋਹਨ ਸਿੰਘ ਸੰਘਾ ਸਨ ਜੋ ਇਸ ਮਹਾਨ ਗਾਇਕਾ ਦੇ ਪਰਿਵਾਰ ਨਾਲ ਕਾਫ਼ੀ ਨੇੜਿਉਂ ਵਿਚਰਦੇ ਰਹੇ ਹਨ ਅਤੇ ਉਨ੍ਹਾਂ ਨੇ ਸੁਰਿੰਦਰ ਕੌਰ ਜੀ ਨਾਲ ਵਿਸਤ੍ਰਿਤ ਇੰਟਰਵਿਊ ਵੀ ਕੀਤੀ ਹੈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਕੰਪਿਊਟਰ ਦੀ ਖ਼ੂਬ ਮੁਹਾਰਤ ਰੱਖਣ ਵਾਲੇ ਅਤੇ ਇਸ ਦੇ ਨਾਲ ਹੀ ਸਾਹਿਤਕ ਰੁਚੀਆਂ ਦੇ ਮਾਲਕ ਕ੍ਰਿਪਾਲ ਸਿੰਘ ਪੰਨੂੰ, ਲਹਿੰਦੇ ਪੰਜਾਬ ਦੇ ਵੱਡੇ ਸ਼ਾਇਰ ਪ੍ਰੋ. ਆਸ਼ਿਕ ਰਹੀਲ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸੁਸ਼ੋਭਿਤ ਸਨ।

ਪ੍ਰੋਗਰਾਮ ਦੇ ਆਰੰਭ ਵਿੱਚ ਮਲੂਕ ਸਿੰਘ ਕਾਹਲੋਂ ਨੇ ਸਮਾਗ਼ਮ ਵਿੱਚ ਸ਼ਾਮਲ ਮੈਂਬਰਾਂ ਤੇ ਸਾਹਿਤ-ਪ੍ਰੇਮੀਆਂ ਦਾ ਹਾਦਿਕ ਸੁਆਗ਼ਤ ਕਰਦਿਆਂ ਸਭਾ ਦੀਆਂ ਪਿਛਲੇ 12 ਸਾਲਾਂ ਦੀਆਂ ਸਰਗ਼ਰਮੀਆਂ ਅਤੇ ਇਨ੍ਹਾਂ ਦੀ ਲਗਾਤਾਰਤਾ ਬਾਰੇ ਸੰਖੇਪ ਵਿੱਚ ਦੱਸਿਆ। ਸਾਵਣ ਮਹੀਨੇ ਨੂੰ ਸਮਰਪਿਤ ਇਸ ਪ੍ਰੋਗਰਾਮ ਦੀ ਬਾਕਾਇਦਾ ਸ਼ੁਰੂਆਤ ਉੱਘੇ ਗਾਇਕ ਇਕਬਾਲ ਬਰਾੜ ਦੇ ਸਾਵਣ ਮਹੀਨੇ ਨਾਲ ਨਾਲ ਸਬੰਧਿਤ ਪਹਾੜੀ ਰਾਗ ਵਿੱਚ ਗਾਏ ਗਏ ‘ਗੀਤਾਂ ਦੇ ਗੁਲਦਸਤੇ’ ਨਾਲ ਕੀਤੀ ਗਈ। ਉਪਰੰਤ, ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਡਾ. ਸੰਘਾ ਨੂੰ ਮਰਹੂਮ ਗਾਇਕਾ ਸੁਰਿੰਦਰ ਕੌਰ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਉਨ੍ਹਾਂ ਦੇ ਪਰਿਵ-ਾਰਿਕ ਪਿਛੋਕੜ ਬਾਰੇ ਗੱਲ ਕਰਦਿਆਂ ਹੋਇਆਂ ਦੱਸਿਆ ਕਿ ਇਸ ਪਰਿਵਾਰ ਦੀਆਂ ਤਿੰਨੇ ਧੀਆਂ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਅਤੇ ਨਰਿੰਦਰ ਕੌਰ ਨੂੰ ਬਚਪਨ ਤੋਂ ਹੀ ਗਾਉਣ ਦਾ ਬੜਾ ਸ਼ੌਕ ਸੀ ਅਤੇ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੇ ਤਾਂ ਮਿਲ ਕੇ ਬਹੁਤ ਸਾਰੇ ਲੋਕ-ਗੀਤ ਇਕੱਠੀਆਂ ਨੇ ਵੀ ਗਾਏ। ਸੁਰਿੰਦਰ ਕੌਰ ਨੇ 1948 ਤੋਂ 1952 ਦੇ ਵਿਚਕਾਰ ਆਈਆਂ ਹਿੰਦੀ ਫ਼ਿਲਮਾਂ ‘ਸ਼ਹੀਦ’ (1948), ‘ਸ਼ਗਨ’ (1951) ਅਤੇ ‘ਸਿੰਗਾਰ’ (1952) ਵਰਗੀਆਂ ਹਿੰਦੀ ਫ਼ਿਲਮਾਂ ਵਿੱਚ ਵੀ ਪਲੇ-ਬੈਕ ਸਿੰਗਰ ਵਜੋਂ ਕਈ ਗੀਤ ਗਾਏ।

ਆਪਣੀ ਗੱਲ ਜਾਰੀ ਰੱਖਦਿਆਂ ਡਾ. ਸੰਘਾ ਨੇ ਦੱਸਿਆ ਕਿ 1929 ਵਿੱਚ ਜਨਮੀ ਸੁਰਿੰਦਰ ਕੌਰ ਨੇ ਆਪਣਾ ਪ੍ਰੋਫ਼ੈਸ਼ਨਲ ਕਰੀਅਰ ਅਗਸਤ ਲਾਹੌਰ ਰੇਡੀਓ ਤੋਂ 1943 ਵਿੱਚ ਆਰੰਭ ਕੀਤਾ ਅਤੇ ਉਸ ਦੀ ਵੱਡੀ ਭੈਣ ਪ੍ਰਕਾਸ਼ ਕੌਰ ਦੇ ਨਾਲ ਗਾਇਆ ਗਿਆ ਗੀਤ ‘ਮਾਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏ ਕੋਈ ਕਰਦੀਆਂ ਗੱਲੋੜੀਆਂ’ ਬਹੁਤ ਹੀ ਮਕਬੂਲ ਹੋਇਆ। ਸੁਰਿੰਦਰ ਕੌਰ ਦਾ ਵਿਆਹ ਦਿੱਲੀ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਜੋਗਿੰਦਰ ਸਿੰਘ ਸੋਢੀ ਨਾਲ ਹੋਇਆ ਜਿਨ੍ਹਾਂ ਵੱਲੋਂ ਸੁਰਿੰਦਰ ਦੇ ਗਾਉਣ ਦੇ ਸ਼ੌਕ ਨੂੰ ਵੱਡੀ ਹੱਲਾਸ਼ੇਰੀ ਦਿੱਤੀ ਗਈ। ਸੁਰਿੰਦਰ ਕੌਰ ਦੇ ਲੱਗਭੱਗ 2000 ਗਾਣੇ ਰਿਕਾਰਡ ਹੋਏ ਜਿਨ੍ਹਾਂ ਵਿਚ ਕਈ ਦੋਗਾਣੇ ਆਸਾ ਸਿੰਘ ਮਸਤਾਨਾ, ਕਰਨੈਲ ਗਿੱਲ, ਹਰਚਰਨ ਗਰੇਵਾਲ, ਰੰਗੀਲਾ ਜੱਟ ਅਤੇ ਦੀਦਾਰ ਸੰਧੂ ਨਾਲ ਗਾਏ ਗਏ। ਸੁਰਿੰਦਰ ਕੌਰ ਦੀ ਗਾਇਕੀ ਦੀ ਵਿਰਾਸਤ ਨੂੰ ਹੁਣ

ਉਨ੍ਹਾਂ ਦੀ ਧੀ ਡੌਲੀ ਗੁਲੇਰੀਆ ਬਾਖ਼ੂਬੀ ਅੱਗੇ ਲਿਜਾ ਰਹੀ ਹੈ। ਵਿਚਾਰ-ਚਰਚਾ ਵਿੱਚ ਭਾਗ ਲੈਂਦਿਆਂ ਡਾ. ਸੁਖਦੇਵ ਸਿੰਘ ਝੰਡ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ 2002 ਵਿੱਚ ਸੁਰਿੰਦਰ ਕੌਰ ਨੂੰ ‘ਡਾਕਟਰ ਆਫ਼ ਲਿਟਰੇਚਰ’ ਦੀ ਆਨਰੇਰੀ ਡਿਗਰੀ ਦੇਣ ਅਤੇ ਓਸੇ ਦਿਨ ਦੀ ਸ਼ਾਮ ਨੂੰ ਯੂਨੀਵਰਸਿਟੀ ਦੇ ਵਿਸ਼ਾਲ ਗੁਰੂ ਨਾਨਕ ਆਡੀਟੋਰੀਅਮ ਵਿੱਚ ਹੋਏ ਸ਼ਾਨਦਾਰ ਸਮਾਗ਼ਮ ਵਿੱਚ ਸੁਰਿੰਦਰ ਕੌਰ ਤੇ ਡੌਲੀ ਗੁਲੇਰੀਆ ਵੱਲੋਂ ਗਾਏ ਗਏ ਖ਼ੂਬਸੂਰਤ ਗੀਤਾਂ ਦਾ ਜ਼ਿਕਰ ਕੀਤਾ ਗਿਆ ਜਿਨ੍ਹਾਂ ਵਿੱਚ ‘ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀਂ’, ‘ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ’, ‘ਮਾਵਾਂ ਤੇ ਧੀਆਂ ਮਿਲ਼ ਬੈਠੀਆਂ ਮਾਏ’, ਆਦਿ ਸ਼ਾਮਲ ਸਨ। ਇਸ ਵਿਚਾਰ-ਚਰਚਾ ਨੂੰ ਕਰਨ ਅਜਾਇਬ ਸਿੰਘ ਸੰਘਾ, ਬਲਰਾਜ ਚੀਮਾ, ਤਲਵਿੰਦਰ ਮੰਡ ਅਤੇ ਪਰਮਜੀਤ ਗਿੱਲ ਵੱਲੋਂ ਅੱਗੇ ਵਧਾਇਆ ਗਿਆ। ਬਲਰਾਜ ਚੀਮਾ ਨੇ ਤਾਂ ਇੱਥੋਂ ਤੱਕ ਵੀ ਕਿਹਾ ਕਿ ਸੁਰਿੰਦਰ ਕੌਰ ‘ਮਲਕਾ-ਏ-ਤਰੰਨਮ’ ਨੂਰ ਜਹਾਂ ਵਾਂਗ ਪੰਜਾਬ ਦੀ ‘ਲੋਕ-ਗਾਇਕੀ ਅਤੇ ਸੁਰਾ ਦੀ ਮਲਿਕਾ’ ਹੈ।



ਸਮਾਗ਼ਮ ਦੇ ਦੂਸਰੇ ਭਾਗ ਨੂੰ ‘ਸਾਵਣ ਕਵੀ ਦਰਬਾਰ’ ਦਾ ਨਾਂ ਦਿੱਤਾ ਗਿਆ ਜਿਸ ਦਾ ਸੰਚਾਲਨ ਸੁਰਿੰਦਰਜੀਤ ਵੱਲੋਂ ਬਾਖ਼ੂਬੀ ਕੀਤਾ ਗਿਆ। ਇਸ ਵਿੱਚ ਸਾਵਣ ਮਹੀਨੇ ਨਾਲ ਜੁੜੇ ਗੀਤਾਂ ਤੇ ਕਵਿਤਾਵਾਂ ਦੀ ਭਰਮਾਰ ਰਹੀ ਅਤੇ ਇਸ ਦੇ ਨਾਲ ਹੀ ਕਈ ਹੋਰ ਚਲੰਤ ਵਿਸ਼ਿਆਂ ਨੂੰ ਵੀ ਬਾਖ਼ੂਬੀ ਛੋਹਿਆ ਗਿਆ। ਸਮਾਗ਼ਮ ਦੇ ਇਸ ਭਾਗ ਦੇ ਪ੍ਰਧਾਨਗੀ-ਮੰਡਲ ਵਿੱਚ ਸੁਰਜੀਤ ਕੌਰ, ਸੁਖਚਰਨਜੀਤ ਕੌਰ, ਸਤਿੰਦਰ ਕਾਹਲੋਂ ਅਤੇ ਰੇਖਾ ਮਹਾਜਨ ਸ਼ਾਮਲ ਸਨ। ਆਪਣੇ ਅਤੇ ਕੁਝ ਹੋਰ ਪੰਜਾਬੀ ਕਵੀਆਂ/ਕਵਿੱਤਰੀਆਂ ਦੇ ਸ਼ਿਅਰਾਂ ਦੀ ਪਿੱਠ-ਭੂਮੀ ਨਾਲ ਨਾਲ ਸੁਰਿੰਦਰਜੀਤ ਨੇ ਕਵੀ-ਦਰਬਾਰ ਦੀ ਸ਼ੁਰੂਆਤ ਕਰਦਿਆਂ ਸੱਭ ਤੋਂ ਪਹਿਲਾਂ ਪਰਮਜੀਤ ਢਿੱਲੋਂ ਨੂੰ ਆਪਣਾ ਗੀਤ ਪੇਸ਼ ਕਰਨ ਲਈ ਕਿਹਾ ਅਤੇ ਫਿਰ ਵਾਰੋ-ਵਾਰੀ ਪ੍ਰਿੰ. ਗਿਆਨ ਸਿੰਘ ਘਈ, ਪਰਮਜੀਤ ਸਿੰਘ ਗਿੱਲ, ਕਰਨ ਅਜਾਇਬ ਸੰਘਾ, ਹਰਮੇਸ਼ ਜੀਂਦੋਵਾਲ, ਡਾ. ਜਗਮੋਹਨ ਸੰਘਾ, ਅਮਰੀਕਾ ਦੇ ਸ਼ਹਿਰ ਸ਼ਿਕਾਗੋ ਤੋਂ ਆਏ ਰਾਜ ਲਾਲੀ, ਇੰਗਲੈਂਡ ਤੋਂ ਆਏ ਲਖਵਿੰਦਰ ਲੱਖਾ, ਬਰਲਿੰਗਟਨ ਤੋਂ ਪਹੁੰਚੇ ਡਾ. ਪਰਗਟ ਸਿੰਘ ਬੱਗਾ, ਡਾ. ਸੁਖਦੇਵ ਸਿੰਘ ਝੰਡ, ਪ੍ਰੋ. ਆਸ਼ਿਕ ਰਹੀਲ, ਗੁਰਦੇਵ ਚੌਹਾਨ, ਗੁਰਦੇਵ ਸਿੰਘ ਰੱਖੜਾ, ਹਰਦਿਆਲ ਝੀਤਾ, ਪ੍ਰੋ. ਜਗੀਰ ਸਿੰਘ ਕਾਹਲੋਂ, ਤਲਵਿੰਦਰ ਮੰਡ, ਮਲੂਕ ਸਿੰਘ ਕਾਹਲੋਂ, ਰਿੰਟੂ ਭਾਟੀਆ, ਕਰਮਜੀਤ ਕੌਰ, ਪਰਸ਼ਿੰਦਰ ਧਾਲੀਵਾਲ , ਰਾਜੇਸ਼ ਮੌਂਗਾ, ਰਾਜੇਸ਼ ਪੁੰਜ, ਕੁਲਦੀਪ ਅਤੇ ਕਈ ਹੋਰਨਾਂ ਵੱਲੋਂ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ। ਪ੍ਰਧਾਨਗੀ-ਮੰਡਲ ਵਿੱਚੋਂ ਸੁਰਜੀਤ ਕੌਰ, ਸੁਖਚਰਨਜੀਤ ਕੌਰ ਅਤੇ ਸਤਿੰਦਰ ਕਗਹਲੋਂ ਨੇ ਆਪਣੀਆਂ ਕਵਿਤਾਵਾਂ ‘ਤੇ ਗੀਤ ਪੇਸ਼ ਕੀਤੇ। ਅੰਮ੍ਰਿਤਸਰ ਤੋਂ ਆਈ ਰੇਖਾ ਮਹਾਜਨ ਨੇ ਸਾਵਣ ਨਾਲ ਸਬੰਧਿਤ ਗਿੱਧੇ ਦੀਆਂ ਬੋਲੀਆਂ ਪਾ ਕੇ ਅਤੇ ਨੱਚ ਕੇ ਚੰਗਾ ਰੰਗ ਬੰਨ੍ਹਿਆਂ।

ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਸਵਰਗਵਾਸੀ ਗਾਇਕ ਮੁਹੰਮਦ ਰਫ਼ੀ ਜੀ ਜਿਨ੍ਹਾਂ ਦੀ ਬਰਸੀ ਇਸ ਮਹੀਨੇ ਦੇ ਅਖ਼ੀਰ ਵਿਚ ਆ ਰਹੀ ਹੈ, ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ‘ਬਰੈਂਪਟਨ ਦੇ ਰਫ਼ੀ’ ਇਕਬਾਲ ਬਰਾੜ ਨੇ ਨਕਸ਼ ਲਾਇਲਪੁਰੀ ਦਾ ਲਿਖਆ ਹੋਇਆ ਮੁਰੰਮਦ ਰਫ਼ੀ ਸਾਹਿਬ ਦਾ ਗਾਇਆ ਗੀਤ “ਜੀਅ ਕਰਦਾ ਏ ਇਸ ਦੁਨੀਆਂ ਨੂੰ, ਮੈਂ ਹੱਸ ਸਕੇ ਠੋਕਰ ਮਾਰਦਿਆਂ” ਆਪਣੀ ਸੁਰੀਲੀ ਤੇ ਬੁਲੰਦ ਆਵਾਜ਼ ਵਿੱਚ ਪੇਸ਼ ਕੀਤਾ ਜਿਸ ਦੀ ਸਰੋਤਿਆਂ ਵੱਲੋਂ ਖ਼ੂਬ ਸਰਾਹਨਾ ਕੀਤੀ ਗਈ। ਅਖੀਰ ਵਿੱਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਇਸ ਦੌਰਨ, ਸਮਾਗ਼ਮ ਵਿਚ ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਇੰਜੀ. ਈਸ਼ਰ ਸਿੰਘ, ਡਾ. ਰਾਜੇਸ਼ ਪੱਲਣ, ਪ੍ਰੋ. ਸਿਕੰਦਰ ਸਿੰਘ, ਜਗਮੇਲ

ਸਿੰਘ ਜਠੌਲ, ਗੁਰਬਚਨ ਸਿੰਘ ਚਿੰਤਕ, ਰਮਿੰਦਰ ਵਾਲੀਆ, ਜਗਦੀਸ਼ ਕੌਰ ਝੰਡ, ਸਰਬਜੀਤ ਕੌਰ ਕਾਹਲੋਂ, ਸੀਮਾ ਮੌਂਗਾ, ਮਿਸਿਜ਼ ਘਈ ਅਤੇ ਕਈ ਹੋਰ ਸ਼ਾਮਲ ਸਨ।

# ਪੈਰਿਟੀ ਸੀਨੀਅਰਜ਼ ਕਲੱਬ ਨੇ ‘ਕੈਨੇਡਾ ਡੇਅ’ ਮਨਾਇਆ

## ਸਮਾਗ਼ਮ ‘ਚ ਬਰੈਂਪਟਨ ਦੀਆਂ ਕਈ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ

ਬਰੈਂਪਟਨ, (ਡਾ. ਝੰਡ) ‘ਕੈਨੇਡਾ ਡੇਅ’ ਦੇਸ਼-ਭਰ ਵਿਚ ਵੱਖ-ਵੱਖ ਸਮਾਜਿਕ ਤੇ ਸਭਿਆਚਾਰਕ ਜੱਥੇਬੰਦੀਆਂ ਅਤੇ ਸੀਨੀਅਰਜ਼ ਕਲੱਬਾਂ ਵੱਲੋਂ ਹਰ ਸਾਲ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਵੱਲੋਂ ਪਹਿਲੀ ਜੁਲਾਈ ਨੂੰ ਤਰ੍ਹਾਂ-ਤਰ੍ਹਾਂ ਦੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਕੈਨੇਡਾ ਦੇ ਮਾਣਮੱਤੇ ਇਤਿਹਾਸ ਅਤੇ ਕੈਨੇਡਾ-ਡੇਅ ਦੀ ਮਹੱਤਤਾ ਨੂੰ ਬਾਖ਼ੂਬੀ ਦਰਸਾਇਆ ਜਾਂਦਾ ਹੈ। ਇਨ੍ਹਾਂ ਸਮਾਗ਼ਮਾਂ ਦੌਰਾਨ ਲੋਕਾਂ ਦੇ ਮਨੋਰੰਜਨ ਦਾ ਵੀ ਪੂਰਾ ਖ਼ਿਆਲ ਰੱਖਿਆ ਜਾਂਦਾ ਹੈ ਅਤੇ ਪ੍ਰਬੰਧਕਾਂ ਵੱਲੋਂ ਖਾਣ-ਪੀਣ ਦੀਆਂ ਵਸਤਾਂ ਦਾ ਵਧੀਆ ਪ੍ਰਬੰਧ ਕੀਤਾ ਜਾਂਦਾ ਹੈ।





ਇਸ ਸਿਲਸਿਲੇ ਵਿਚ ਬੀਤੇ ਦਿਨੀਂ ਬਰੈਂਪਟਨ ਵਿੱਚ ਪਿਛਲੇ ਕਾਫ਼ੀ ਸਮੇਂ ਤੋਂ ਸਫ਼ਲਤਾ ਪੂਰਵਕ ਵਿਚਰ ਰਹੀ ‘ਪੈਰਿਟੀ ਸੀਨੀਅਰਜ਼ ਕਲੱਬ’ ਵੱਲੋਂ ਇਸ ਦੇ ਪ੍ਰਧਾਨ ਕੈਪਟਨ ਇਕਬਾਲ ਸਿੰਘ ਵਿਰਕ ਦੀ ਅਗਵਾਈ ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪਹਿਲੀ ਜੁਲਾਈ ਨੂੰ 49 ਜੈਨਿੰਗ ਪਾਰਕ ਵਿਖੇ 156’ਵਾਂ ਕੈਨੇਡਾ ਡੇਅ ਸਬੰਧੀ ਸ਼ਾਨਦਾਰ ਸਮਾਗ਼ਮ ਆਯੋਜਿਤ ਕੀਤਾ ਗਿਆ। ਸਵੇਰੇ ਦਸ ਵਜੇ ਤੋਂ ਬਾਅਦ ਦੁਪਹਿਰ ਚਾਰ ਵਜੇ ਤੱਕ ਚੱਲੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਵੱਖ-ਵੱਖ ਬੁਲਾਰਿਆਂ ਵੱਲੋਂ ਕੈਨੇਡਾ-ਡੇਅ ਦੀਆਂ ਮੁਬਾਰਕਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਕੈਨੇਡਾ ਦੇ ਇਤਿਹਾਸ ਅਤੇ ਕੈਨੇਡਾ-ਡੇਅ ਦੀ ਮਹੱਤਤਾ ਬਾਰੇ ਵਿਸਥਾਰ-ਸਹਿਤ ਦੱਸਿਆ ਗਿਆ। ਸਮਾਗ਼ਮ ਵਿੱਚ ਮਨੋਰੰਜਨ ਦਾ ਪ੍ਰੋਗਰਾਮ ਨਾਲ ਨਾਲ ਚੱਲਦਾ ਰਿਹਾ ਜਿਸ ਵਿੱਚ ਇੱਕ ਗਾਇਕ-ਜੋੜੀ ਰਣਜੀਤ ਸਿੰਘ ਲਾਲ ਅਤੇ ਬੀਬੀ ਰੀਟਾ ਨੇ ਮਿਆਰੀ ਸਭਿਆਚਾਰਕ ਗੀਤ ਗਾ ਕੇ ਲੋਕਾਂ ਦਾ ਖ਼ੂਬ ਮਨੋਰੰਜਨ ਕੀਤਾ। ਚੱਲ ਰਹੇ ਇਸ ਪ੍ਰੋਗਰਾਮ ਦੌਰਾਨ ਕਲੱਬ ਵੱਲੋਂ ਬਰੈਂਪਟਨ ਦੀਆਂ ਕਈ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।





ਸਮਾਗਮ਼ ਵਿੱਚ ਸ਼ਿਰਕਤ ਕਰਨ ਵਾਲੀਆਂ ਪ੍ਰਮੁੱਖ-ਸ਼ਖ਼ਸੀਅਤਾਂ ਵਿੱਚ ਮੈਂਬਰ ਪਾਰਲੀਮੈਂਟ ਕਮਲ ਖਹਿਰਾ, ਐੱਮ.ਪੀ.ਪੀਜ਼ ਅਮਰਜੋਤ ਸੰਧ, ਹਰਦੀਪ ਗਰੇਵਾਲੂ ਤੇ ਪ੍ਰਭਮੀਤ ਸਰਕਾਰੀਆ, ਵਾਰਡ ਨੰਬਰ 1 ਅਤੇ 5 ਦੇ ਰੀਜਨਲ ਕੌਂਸਲਰ ਰੋਵੀਨਾ ਸੈਂਤੋਸ, ਮੇਅਰ ਪੈਟ੍ਰਿਕ ਬਰਾਊਨ ਦੇ ਐਗਜ਼ੈਕਟਿਵ ਅਸਿਸਟੈਂਟ ਕੁਲਦੀਪ ਸਿੰਘ ਗੋਲੀ, ਰੇਡੀਓ ਤੇ ਟੀ.ਵੀ. ਹੋਸਟ ਇਕਬਾਲ ਮਾਹਲ, ਪੱਤਰਕਾਰ ਜਗਦੀਸ਼ ਗਰੇਵਾਲ, ਬੀਬੀ ਅਵਤਾਰ ਕੌਰ ਔਜਲਾ, ਬੀਬੀ ਨੀਤੂ ਗਰੇਵਾਲ, ਬਾਬਿਆਂ ਦੇ ਮੇਲੇ ਦੇ ਮੋਢੀ ਮੱਘਰ ਸਿੰਘ ਹੰਸਰਾ, ਸੱਭ ਤੋਂ ਵੱਡੀ ਉਮਰ (92 ਸਾਲ) ਦੇ ਚਾਰ ਲੜਾਈਆਂ ਲੜ ਚੁੱਕੇ ਭਾਰਤੀ ਸੈਨਿਕ ਪੈਰਾਟਰੁੱਪਰ ਕੈਪਟਨ ਕਿਰਪਾਲ ਸਿੰਘ ਗਰੇਵਾਲ, ਚਿੰਗੂਜ਼ੀ ਰੋਡ ‘ਤੇ ਸਥਿਤ ਤ੍ਰਿਵੈਣੀ ਮੰਦਰ ਦੇ ਸੀਈਓ ਡਾ. ਯੁਧਿਸ਼ਟਰ ਅਤੇ ਕਈ ਹੋਰ ਸ਼ਾਮਲ ਸਨ। ਇਸ ਸ਼ੁਭ ਮੌਕੇ ਕਲੱਬ ਵੱਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਪਿੰਗਲਵਾੜਾ ਸੋਸਾਇਟੀ ਅੰਮ੍ਰਿਤਸਰ ਦੀ ਬੀਬੀ ਅਬਿਨਾਸ਼ ਕੌਰ ਵੱਲੋਂ ਖ਼ੂਬਸੂਰਤ ਗਿਆਨ-ਵਰਧਕ ਪੁਸਤਕਾਂ ਦਾ ਸਟਾਲ ਲਗਾਇਆ ਗਿਆ। ਪ੍ਰਬੰਧਕਾਂ ਵੱਲੋਂ ਸਮਾਗ਼ਮ ਵਿਚ ਖਾਣ-ਪੀਣ ਦੀਆਂ ਵਸਤਾਂ ਦਾ ਖੁੱਲ੍ਹਾ ਪ੍ਰਬੰਧ ਕੀਤਾ ਗਿਆ ਅਤੇ ਖਾਣ-ਪੀਣ ਦਾ ਇਹ ਸਿਲਸਿਲਾ ਸਾਰਾ ਸਮਾਂ ਚੱਲਦਾ ਰਿਹਾ।

ਸਮਾਗ਼ਮ ਦੇ ਅਖ਼ੀਰ ਵਿਚ ਵਾਰਡ ਨੰਬਰ 1 ਤੇ 5 ਦੇ ਰੀਜਨਲ ਕੌਂਸਲਰ ਰਵੀਨਾ ਸੈਂਤੋਸ ਨੂੰ ਇਲਾਕਾ ਨਿਵਾਸੀਆਂ ਦੀਆਂ ਤਿੰਨ ਮੁੱਖ ਮੰਗਾਂ ਬਾਰੇ ਲਿਖਤੀ ਮੰਗ-ਪੱਤਰ ਦਿੱਤਾ ਗਿਆ ਜਿਨ੍ਹਾਂ ਵਿਚ ਪਾਰਕ ਦੇ ਨੇੜੇ ਜੰਗਲ ਦੀ ਛਾਂ ਹੇਠ ਸੜਕ ਦੇ ਕਿਨਾਰੇ ਲੋਹੇ ਦੇ ਦੋ ਬੈਂਚ ਲਗਾਉਣੇ, 49 ਜੈਨਿੰਗ ਪਾਰਕ ਵਿੱਚ ਬੱਚਿਆਂ ਦੇ ਖੇਡਣ ਵਾਲੀ ਜਗ੍ਹਾ ‘ਤੇ ਪਏ ਲੱਕੜੀ ਦੇ ਬੁਰਾਦੇ ਦੀ ਥਾਂ ਰਬੜ ਦਾ ਮੈਟ ਵਿਛਾਉਣਾ ਅਤੇ ਚਿੰਗੂਜ਼ੀ ਸੜਕ ‘ਤੇ ਵਿਲੀਅਮ ਪਾਰਕ ਵਾਲੇ ਪਾਸੇ ਸ਼ੈੱਡ ਬਣਾਉਣਾ ਸ਼ਾਮਲ ਹਨ। ਕੁਲ ਮਿਲਾ ਕੇ ਕੈਨੇਡਾ-ਡੇਅ ਮਨਾਉਣ ਦਾ ਇਹ ਸਮਾਗ਼ਮ ਪੂਰੀ ਤਰ੍ਹਾਂ ਸਫ਼ਲ ਰਿਹਾ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਕੈਪਟਨ ਇਕਬਾਲ ਸਿੰਘ ਵਿਰਕ (647-631-9445) ਜਾਂ ਜਸਵੰਤ ਸਿੰਘ ਗਿੱਲ (647-853-0034) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE
CANADA
Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA
Professional Corporation



214-7895 Tranmere Drive, Mississauga ON L5S 1V9

# ‘ਇੰਸਪੀਰੇਸ਼ਨਲ ਸਟੈੱਪਸ 2023’ ਬੇਹੱਦ ਸਫਲ ਹੋ ਨਿਬੜਿਆ









## 800 ਤੋਂ ਵਧੇਰੇ ਦੌੜਾਕਾਂ ਤੇ ਵੱਾਕਰਾਂ ਨੇ ਕੀਤੀ ਸ਼ਮੂਲੀਅਤ

ਬਰੈਂਪਟਨ, (ਡਾ. ਝੰਡ) ਲੰਘੇ ਐਤਵਾਰ 16 ਜੁਲਾਈ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਦੇ ‘ਟੈਰੀਫੌਕਸ ਸਿੰਥੈਟਿਕ ਟਰੈਕ’ ਵਿਚ ‘ਦੌੜ ਤੇ ਮਜ਼ਾ’ (ਰੱਨ ਐਂਡ ਫ਼ਨ) ਦਾ ਵੱਡਾ ਈਵੈਂਟ ‘ਇੰਸਪੀਰੇਸ਼ਨਲ ਸਟੈੱਪਸ-2023’ ਆਯੋਜਿਤ ਕੀਤਾ ਗਿਆ। ਇਸ ਵਿੱਚ ਇੱਕ ਸਾਲ ਦੇ ਬੱਚਿਆਂ ਤੋਂ ਲੈ ਕੇ 96 ਸਾਲ ਦੇ ਬਜ਼ੁਰਗਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਇਸ ਈਵੈਂਟ ਦਾ ਉਦੇਸ਼ ਲੋਕਾਂ ਵਿੱਚ ਸਿਹਤ ਸਬੰਧੀ ਜਾਗਰੂਕਤਾ ਫੈਲਾਉਣਾ, ਉਚੇਰੀ ਸਿੱਖਿਆ ਲਈ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਕਰਨਾ, ਵਾਤਾਵਰਣ ਸਬੰਧੀ ਜਾਣਕਾਰੀ ਦੇਣਾ ਅਤੇ ਇੰਡੀਜੀਨੀਅਸ ਤੇ ਲੋੜਵੰਦ ਵਿਅੱਕਤੀਆਂ ਦੀ ਮਦਦ ਕਰਨਾ ਸੀ।

ਇਹ ਮਹਾਨ ਈਵੈਂਟ ਐਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ, , ਟੀ.ਪੀ.ਏ.ਆਰ. ਕਲੱਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ, ਸਹਾਇਤਾ, ਡਰੱਗਜ਼ ਅਵੇਅਰਨੈੱਸ ਸੋਸਾਇਟੀ, ਪਿੰਗਲਵਾੜਾ ਅਤੇ ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਵੱਲੋਂ ਮਿਲ ਕੇ ਆਯੋਜਿਤ ਕੀਤਾ ਗਿਆ। ਇਸ ਵਿੱਚ ਹਾਫ਼-ਮੈਰਾਥਨ, 10 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਤੇ ਵੱਾਕ ਦੇ ਮੁਕਾਬਲੇ ਹੋਏ ਅਤੇ ਹੋਰ ਕਈਆਂ ਨੇ ਮੌਜ-ਮੇਲੇ ਵਜੋਂ ਇਨ੍ਹਾਂ ਵਿੱਚ ਭਰਪੂਰ ਹਿੱਸਾ ਲਿਆ। 800 ਤੋਂ ਵਧੇਰੇ ਦੌੜਾਕ ਅਤੇ ਵੱਾਕਰ ਇਸ ਈਵੈਂਟ ਵਿੱਚ ਸ਼ਾਮਲ ਹੋਏ।

ਮੁਕਾਬਲੇ ਵਾਲੀਆਂ ਉਪਰੋਕਤ ਤਿੰਨ ਦੌੜਾਂ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਨੰਬਰ ‘ਤੇ ਆਉਣ ਵਾਲਿਆਂ ਨੂੰ ਇਨਾਮ ਦਿੱਤੇ ਗਏ। ਮਰਦਾਂ ਦੀ ਹਾਫ਼ ਮੈਰਥਨ ਦੌੜ ਵਿੱਚ ਬਹਾਦਰ ਸ਼ੌਕਰ ਪਹਿਲੇ ਨੰਬਰ ’ਤੇ, ਹਰਕੀਰਤ ਸੁੰਨੜ ਦੂਸਰੇ ’ਤੇ ਅਤੇ ਜਸ਼ਨ ਸਿੰਘ ਤੀਸਰੇ ਨੰਬਰ ‘ਤੇ ਆਏ। ਇਹ ਰੇਸ ਕੋਈ ਵੀ ਔਰਤ ਪੂਰੀ ਨਹੀਂ ਕਰ ਸਕੀ।

ਉਥੇ ਹੀ ਮਰਦਾਂ ਦੀ 10 ਕਿ.ਮੀ. ਦੌੜ ਵਿਚ ਜੇ ਪਹਿਲੇ ਸਥਾਨ ਉਤੇ, ਜਸਕਰਨ ਸਿੰਘ ਦੂਸਰੇ ਸਥਾਨ ਉਤੇ ਅਤੇ ਜਸਦੀਪ ਸਿੰਘ ਬਰਾੜ ਤੀਸਰੇ ਸਥਾਨ ਉਤੇ ਰਹੇ। ਔਰਤਾਂ ਦੀ 10 ਕਿ.ਮੀ. ਦੌੜ ਦੀ ਕੈਟਾਗਰੀ ਵਿਚ ਪਰਦੀਪ ਕੌਰ ਪਾਸੀ ਪਹਿਲੇ ਸਥਾਨ ਉਤੇ, ਗਗਨ ਕੌਰ ਬੱਟੂ ਦੂਸਰੇ ਸਥਾਨ ਉਤੇ ਅਤੇ ਜਸਵਿੰਦਰ ਕੌਰ ਰੰਧਾਵਾ ਤੀਸਰੇ ਸਥਾਨ ਉਤੇ ਰਹੇ।

ਮਰਦਾਂ ਦੀ 5 ਕਿ.ਮੀ. ਦੌੜ ਵਿਚ ਰਣਬੀਰ ਸਿੰਘ ਪਹਿਲੇ ਸਥਾਨ ਉਤੇ, ਸੁਖਦੀਪ ਸਿੰਘ ਚਕਰੀਆ, ਜੋ ਕਿ ਬੌਕਸਿੰਗ ਚੈਂਪੀਅਨ ਹਨ ਅਤੇ ਪਹਿਲਾਂ ਵੀ ਕਈ ਵਾਰ ਭਾਗ ਲੈ ਚੁੱਕੇ ਹਨ, ਨੇ ਇਸ ਦੌੜ ਵਿਚ ਭਾਗ ਲੈਂਦਿਆਂ ਦੂਸਰਾ ਸਥਾਨ ਹਾਸਿਲ ਕੀਤਾ ਅਤੇ ਬਲਜੋਤ ਸਿੰਘ ਤੀਸਰੇ ਸਥਾਨ ਉਤੇ ਰਹੇ। ਔਰਤਾਂ ਦੀ 5 ਕਿ.ਮੀ. ਦੌੜ ਦੀ ਕੈਟਾਗਰੀ ਵਿਚ ਕਰਨ ਪਹਿਲੇ ਸਥਾਨ ਉਤੇ, ਅਮੀਤ ਕੌਰ ਕਲੇਰ ਦੂਸਰੇ ਸਥਾਨ ਉਤੇ ਅਤੇ ਗੁਰਸਿਮਰਨ ਕੌਰ ਗਿੱਲ ਤੀਸਰੇ ਸਥਾਨ ਉਤੇ ਰਹੇ।

ਇਸ ਤੋਂ ਇਲਾਵਾ 7 ਤੋਂ 17 ਸਾਲ ਤੱਕ ਦੇ ਬੱਚਿਆਂ ਤੇ ਨੌਜੁਆਨਾਂ ਲਈ ਯੂਥ ਰੇਸ ਅਤੇ 65 ਸਾਲ ਅਤੇ ਉੱਪਰਲੀ ਉਮਰ ਦੇ ਸੀਨੀਅਰਾਂ ਲਈ ਇੱਕ ਕਿਲੋਮੀਟਰ ਅਤੇ 400 ਮੀਟਰ ਦੌੜਾਂ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਬੱਚਿਆਂ ਅਤੇ ਬਜ਼ੁਰਗਾਂ ਨੇ ਬਹੁਤ ਉਤਸ਼ਾਹ ਵਿਖਾਇਆ। ਛੇ ਸਾਲ ਤੋਂ ਛੋਟੇ ਬੱਚਿਆਂ ਦੀ 400 ਮੀਟਰ ਦੌੜ ਕਰਵਾਈ ਗਈ ਜਿਨ੍ਹਾਂ ਦੇ ਨਾਲ ਨਾਲ ਉਨ੍ਹਾਂ ਦੇ ਮਾਪੇ ਵੀ ਦੌੜਦੇ ਨਜ਼ਰ ਆਏ। ਇਹ ਦੌੜਾਂ ਛੋਟੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਉਤਸ਼ਾਹਿਤ ਕਰਨ ਲਈ ਸਨ। ਦੌੜ ਤੇ ਵੱਾਕ ਦੇ ਇਸ ਵੱਡੇ ਈਵੈਂਟ ਵਿੱਚ ਹਿੱਸਾ ਲੈਣ ਵਾਲੇ ਸਾਰੇ ਦੌੜਾਕਾਂ ਤੇ ਵੱਾਕਰਾਂ ਨੂੰ ਪ੍ਰਬੰਧਕਾਂ ਵੱਲ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਬਰੈਂਪਟਨ ਈਸਟ ਦੇ ਐੱਮ.ਪੀ.ਪੀ. ਹਰਦੀਪ ਗਰੇਵਾਲ, ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸੰਧੂ ਅਤੇ ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਵੱਲੋਂ ਜੇਤੂਆਂ ਨੂੰ ਸਰਟੀਫ਼ਿਕੇਟ ਅਤੇ ਇਨਾਮ ਦਿੱਤੇ ਗਏ। ਰੂਬੀ ਸਹੋਤਾ ਜੋ ਪਿਛਲੇ 10 ਸਾਲ ਤੋਂ ‘ਇੰਸਪੀਰੇਸ਼ਨਲ ਸਟੈੱਪਸ’ ਦੇ ਈਵੈਂਟਸ ਦੌਰਾਨ ਦੌੜ ਵਿੱਚ ਵੀ ਭਾਗ ਲੈਂਦੇ ਰਹੇ ਹਨ, ਆਪਣੇ ਕੁਝ ਰੁਝੇਵਿਆਂ ਕਾਰਨ ਇਸ ਵਾਰ ਦੌੜ ਵਿਚ ਸ਼ਾਮਲ ਨਾ ਹੋ ਸਕੇ ਅਤੇ ਉਨ੍ਹਾਂ ਨੇ ਇਨਾਮ-ਵੰਡ ਸਮਾਗਮ ਵਿੱਚ ਹੀ ਆਪਣੀ ਹਾਜ਼ਰੀ ਲਵਾਈ। ਇਸ ਦੌਰਾਨ ਪੀਲ ਪੁਲੀਸ ਵੱਲੋਂ 10 ਜੂਨ ਨੂੰ ਕਰਵਾਈ ਗਈ ਦੌੜ’ਰੇਸ ਅਗੇਨਸਟ ਰੇਸਿਜ਼ਮ’ ਵਿੱਚ ਮੱਲਾਂ ਮਾਰਨ ਵਾਲੇ ਸੀਨੀਅਰ ਮੈਂਬਰਾਂ ਧਿਆਨ ਸਿੰਘ ਸੋਹਲ ਤੇ ਸੁਰਿੰਦਰ ਸਿੰਘ ਨਾਗਰਾ ਅਤੇ ਨੌਜੁਆਨ ਮੈਂਬਰ ਏਕਨੂਰ ਗਿੱਲ ਨੂੰ ਟੀਪੀਏਆਰ ਕਲੱਬ ਵੱਲੋਂ ਅਤੇ ਇਸ ਕਲੱਬ ਦੇ ‘ਲੋਹ-ਪੁਰਸ਼ਾਂ’ ਹਰਜੀਤ ਸਿੰਘ ਤੇ ਕੁਲਦੀਪ ਗਰੇਵਾਲ ਨੂੰ ‘ਇੰਸਪੀਰੇਸ਼ਨਲ ਸਟੈੱਪਸ’ ਦੇ ਪ੍ਰਬੰਧਕਾਂ ਵੱਲੋਂ ਸ਼ਾਨਦਾਰ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ।








ਇਸ ਦੇ ਨਾਲ ਹੀ ‘ਐਨਲਾਈਟ ਕਿੱਡਜ਼’ ਦੇ ਪ੍ਰਬੰਧਕਾਂ ਵੱਲੋਂ ‘ਇੰਡੀਜੀਨੀਅਸ ਸੰਸਥਾ’ (ਇੰਡਸਪਾਇਰ) ਨੂੰ 10,000 ਡਾਲਰ ਦਾ ਚੈੱਕ ਭੇਂਟ ਕੀਤਾ ਗਿਆ। ‘ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ’ ਦੇ ਇੱਕ ਸਪਾਂਸਰ ਵੱਲੋਂ ਏਨੀ ਹੀ ਰਕਮ 10,000 ਡਾਲਰ ‘ਸਕਾਈਲਿੰਕ ਚਿਲਡਰਨਜ਼ ਚੈਰਿਟੀ’ ਵੱਲੋ ‘ਇਨ-ਡਸਪਾਇਰ’ ਨੂੰ ਦਿੱਤੀ ਗਈ।

ਦੌੜਾਂ ਦੇ ਇਸ ਈਵੈਂਟ ਵਿੱਚ ਪੰਜਾਬ ਦੇ ਖੇਡ-ਮੇਲਿਆਂ ਵਰਗਾ ਮਾਹੌਲ ਵੇਖਣ ਨੂੰ ਮਿਲਿਆ। ਫਲ, ਚਾਹ-ਪਾਣੀ, ਕੌਫ਼ੀ ਅਤੇ ਕਈ ਪ੍ਰਕਾਰ ਦੀ ਜਾਣਕਾਰੀ ਦੇਣ ਵਾਲੇ ਵੱਖ-ਵੱਖ ਸਟਾਲ ਲੱਗੇ ਹੋਏ ਸਨ। ਓਨਟਾਰੀਓ ਖਾਲਸਾ ਦਰਬਾਰ ਡਿਕਸੀ, ਜੋ ਕਿ ਇਸ ਈਟੈਂ ਨੂੰ ਸਾਲ 2013 ਤੋਂ ਸੁਪੋਰਟ ਕਰਦੇ ਆ ਰਹੇ ਹਨ, ਵੱਲੋਂ ਚਾਵਲ ਤੇ ਛੋਲਿਆਂ ਦਾ ਸਟਾਲ ਸੱਜਿਆ ਹੋਇਆ ਸੀ ਅਤੇ ਕਈ ਹੋਰ ਸੰਸਥਾਵਾਂ ਵੱਲੋਂ ਖਾਣ-ਪੀਣ ਦੇ ਸਟਾਲ ਲੱਗੇ ਹੋਏ ਸਨ। ਇਸ ਈਵੈਂਟ ਵਿਚ ਸੁਖਦੀਪ ਸਿੰਘ ਆਪਣੇ ਕੈਮਰਾਮੈਨ ਦੀ ਮਦਦ ਨਾਲ ਇਸ ਈਵੈਂਟ ਦੇ ਮੁੱਖ ਦ੍ਰਿਸ਼ ਕੈਮਰੇ ਵਿੱਚ ਕੈਦ ਕਰਦੇ ਰਹੇ। ਇਸ ਤੋਂ ਇਲਾਵਾ ਬਰੈਂਪਟਨ ਦੇ ਸਥਾਨਕ ਮੀਡੀਆ ਵੱਲੋਂ ਵੀ ਇਸ ਈਵੈਂਟ ਦੀ ਕਵਰੇਜ ਕੀਤੀ ਗਈ। ਕੁਲ ਮਿਲਾ ਕੇ ‘ਦੌੜ ਤੇ ਮਜ਼ਾ’ ਦਾ ਇਹ ਮਹਾਨ ਈਵੈਂਟ ਗਿਣਾਤਮਿਕ ਤੇ ਗੁਣਾਤਮਿਕ ਦੋਹਾਂ ਪੱਖਾਂ ਤੋਂ ਹੀ ਬੇਹੱਦ ਸਫ਼ਲ ਰਿਹਾ।












# ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ਼ ਵਲੋਂ ਦੰਦਾਂ ਦੀ ਸਿਹਤ ਸੰਭਾਲ ਲਈ ਸੈਮੀਨਾਰ 22 ਜੁਲਾਈ ਨੂੰ




ਮਹਿੰਦਰ ਸਿੰਘ ਮੋਹੀ: ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਬਰੈਂਪਟਨ ਵਲੋਂ ਸੀਨੀਅਰਜ ਦੀ ਸਰੀਰਕ ਅਰੋਗਤਾ ਤੇ ਚੰਗੀ ਸਿਹਤ ਨੂੰ ਪ੍ਰਮੁੱਖ ਰੱਖਦਿਆ ਬਰੈਂਪਟਨ ਦੀਆ ਸਰਗਰਮ ਸੀਨੀਅਰਜ ਕਲੱਬਜ ਦੇ ਸਹਿਯੋਗ ਨਾਲ ਜਿਥੇ, ਲੜੀਵਾਰ ਵਖ ਵਖ ਪਾਰਕਾਂ ਵਿੱਚ ਯੋਗਾ ਦੀਆ ਕਲਾਸਾ ਅਯੋਜਿਤ ਕੀਤੇ ਜਾਣ ਦੀ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਿਆ ਜਾ ਰਿਹਾ ਹੈ, ਓਥੇ ਸੀਨੀਅਰਜ ਵਿੱਚ ਮਾਨਸਿਕ ਤਨਾਅ ਤੇ ਬੇਲੋੜੀ ਫਿਕਰਮੰਦੀ ਤੋਂ ਛੁਟਕਾਰਾ ਪਾਉਣ ਲਈ ਮਨੋਵਿਗਿਆਨੀ ਡਾਕਟਰ ਤੇ ਵਿਸ਼ੇ ਦੇ ਮਾਹਿਰ ਸਮਾਜਿਕ ਵਿਦਵਾਨਾ ਦੀਆ ਸੇਵਾਵਾ ਵੀ ਲਈਆਂ ਜਾ ਰਹੀਆ ਹਨ। ਜਾਨ ਲੇਵਾ ਪਰ ਬੇਲੋੜੇ ਵਹਿਮਾ ਤੇ ਫਿਕਰ ਤੋਂ ਮੁਕਤ ਹੋਣ ਲਈ ਸਮਾਜਿਕ ਖੇਤਰ ਵਿੱਚ ਵਿਚਰ ਰਹੇ ਉਚਕੋਟੀ ਦੇ ਸੂਝਵਾਨ ਵਿਦਵਾਨ ਤੇ ਐਮ ਡੀ ਡਾਕਟਰ ਵੱਲੋ ਲੈਕਚਰ ਕਰਵਾਉਣ ਦੇ ਲਗਾਤਾਰ ਸੈਮੀਨਾਰ ਕੀਤੇ ਜਾ ਰਹੇ ਹਨ। ਇਸੇ ਤਰਾਂ ਦਾ ਲਾਹੇਵੰਦ ਸੈਮੀਨਾਰ ਪਿਛਲੇ ਦਿਨੀ ਕੈਸੀ ਕੈਬਲ ਕਮਿਊਨੀਟੀ ਸੈਟਰ ਬਰੈਂਪਟਨ ਵਿੱਚ ਵੀ ਕੀਤਾ ਗਿਆ। ਇਸ ਵਿੱਚ ਸੈਕੜੇ ਸੀਨੀਅਰਜ ਦੀ ਹਾਜ਼ਰੀ ਵਿੱਚ ਧਾਰਮਿਕ ਖੇਤਰ ਦੇ ਵਿਦਵਾਨ ਭਾਈ ਗੁਲਜ਼ਾਰ ਸਿੰਘ ਵਲੋਂ ਮਾਨਸਿਕ ਤੰਦਰੁਸਤੀ ਬਰਕਰਾਰ ਰੱਖਣ ਲਈ ਦਿਤੇ ਗਏ ਲੈਕਚਰ ਨੂੰ ਹਾਜ਼ਰ ਸੀਨੀਅਰਜ ਨੇ ਮਨ ਲਾਕੇ ਸੁਣਿਆ ਤੇ ਉਹਨਾ ਵੱਲੋ ਪੇਸ਼ ਸਮਸਿਆਵਾਂ ਦੇ ਸੁਝਾਏ ਗਏ ਹਨ ਹਰ ਇਕ ਤੇ ਸਦੀਵੀ ਪ੍ਰਭਾਵ ਪਾ ਗਏ। ਇਸ ਤੋਂ ਪਿਛੋਂ ਬਲਦੇਵ ਸਿੰਘ ਮੁਟਾ ਵਲੋਂ ਵੀ ਮਾਨਸਿਕ ਸਮਸਿਆਵਾਂ ਤੇ ਊਹਨਾਂ ਦੇ ਤਰਕ ਪੂਰਨ ਹਲ ਬਾਰੇ ਆਪਣੀ ਜਾਣਕਾਰੀ ਵਿਸਥਾਰ ਨਾਲ ਸਾਂਝੀ ਕੀਤੀ। ਇਸ ਤਰਾ ਇਨਾਂ ਲੜੀਵਾਰ ਸੈਮੀਨਾਰਾ ਤੇ ਸਮਾਗਮਾ ਤੇ ਯੋਗਾ ਦੀਆ ਕਲਾਸਾ ਨੂੰ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਵਲੋਂ ਲਗਾਤਾਰ ਅਯੋਜਿਤ ਕੀਤਾ ਜਾ ਰਿਹਾ ਹੈ। ਸੈਮੀਨਾਰਾਂ ਦੀ ਲੜੀ ਨੂੰ ਹੋਰ ਅੱਗੇ ਵਧਾਉਣ ਲਈ, ਮਿਤੀ 13 ਜੁਲਾਈ ਵੀਰਵਾਰ ਨੂੰ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੀ ਜਨਰਲ ਬਾਡੀ ਦੀ ਮੀਟਿੰਗ 50 ਸਨੀ ਮੀਡੋਜ ਬਾਲੀਵੁੱਡ ਦੇ ਕਮਰਾ ਨੰਬਰ 109 ਵਿੱਚ ਹੋਈ। ਇਸ ਵਿੱਚ ਬਰੈਂਪਟਨ ਦੀਆ ਵੱਖ-ਵੱਖ ਕਲੱਬਾਂ ਦੇ ਪ੍ਰਧਾਨ ਤੇ ਅਹੁਦੇਦਾਰ ਸ਼ਾਮਲ ਹੋਏ। ਮੁਖ ਏਜੰਡਾ ਮਲਟੀਕਲਚਰਲ ਫੈਸਟੀਵਲ ਜੋ 19 ਅਗਸਤ ਸਨਿਚਰਵਾਰ ਨੂੰ ਜੋ ਸੇਵ ਮੈਕਸ ਸੋਕਰ ਸੈਟਰ ਬਰੈਂਪਟਨ ਵਿੱਚ ਹੋਣ ਜਾ ਰਿਹਾ ਹੈ ਬਾਰੇ ਆਏ ਵਖ ਵਖ ਸੁਝਾਏ ਨੁਕਤਿਆਂ ਤੇ ਵਿਚਾਰ ਕਰਨਾਂ ਸੀ। ਵੱਡੀ ਗਿਣਤੀ ਵਿੱਚ ਸੀਨੀਅਰਜ ਨੇ ਇਸ ਵਿਚਾਰ ਚਰਚਾ ਵਿੱਚ ਹਿਸਾ ਲਿਆ ਤੇ ਸੀਨੀਅਰਜ ਦੇ ਇਸ ਵੱਡੇ ਮੇਲੇ ਨੂੰ ਹਾਜ਼ਰੀ ਤੇ ਪ੍ਰਬੰਧ ਪਖੋਂ ਕਾਮਯਾਬ ਕਰਨ ਲਈ ਵਡਮੁੱਲੇ ਸੁਝਾਅ ਦਿੱਤੇ। ਇਸ ਤੋਂ ਇਲਾਵਾ 22 ਜੁਲਾਈ ਨੂੰ ਰਿਵਰਸਟੋਨ ਕਮਿਊਨੀਟੀ ਸੈਂਟਰ ਵਿੱਚ ਦੰਦਾ ਦੀ ਸਿਹਤ ਸੰਭਾਲ ਲਈ ਹੋ ਰਹੇ ਸੈਮੀਨਾਰ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਫੈਸਲਾ ਕੀਤਾ ਗਿਆ। ਗਰਮੀਆਂ ਦੇ ਸੁਹਾਵਣੇ ਮੌਸਮ ਵਿੱਚ ਸੀਨੀਅਰਜ ਨੂੰ,ਚਾਰੇ ਪਾਸੇ ਘੁੰਮਦੇ ਘੁਮਾਉਂਦੇ ਤੇ ਮੁਸਕਰਾਹਟਾਂ ਵੰਡਦੇ ਹੋਏ ਵੇਖਣ ਲਈ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਾਂ ਵਲੋ ਇਸ ਵਾਰ ਦੰਦਾ ਦੀ ਸਿਹਤ ਸੰਭਾਲ ਲਈ 22 ਜੁਲਾਈ ਦਿਨ ਸਨਿਚਰਵਾਰ ਨੂੰ 11 ਤੋਂ 2 ਵਜੇ ਤਕ ਇਕ ਸੈਮੀਨਾਰ ਰਿਵਰਸਟੋਨ ਕਮਿਊਨੀਟੀ ਸੈਟਰ ਵਿਖੇ ਰਖਿਆ ਗਿਆ ਹੈ। ਇਸ ਸੈਮੀਨਾਰ ਵਿੱਚ ਸਕੂਲ ਟਰਸਟੀ ਰਹਿ ਚੁੱਕੇ, ਤੇ ਦੰਦਾ ਦੀ ਸਿਹਤ ਸੰਭਾਲ ਬਾਰੇ ਜੀ ਟੀ ਏ ਵਿੱਚ ਜਾਈ ਜਾਂਦੀ ਸਖਸ਼ੀਅਤ ਮੈਡਮ ਬਲਬੀਰ ਸੋਹੀ, ਡੈਂਟਿਸਟ ਅਸ਼ਵਿਨੀ ਜਪਰੀ ਟੋਰੰਟੋ ਯੂਨੀਵਰਸਿਟੀ ਦੇ ਪ੍ਰੋਫੈਸਰ ਡਾਕਟਰ ਗੌਰਵ ਮਹਿਤਾ ਭਾਗ ਲੈਣਗੇ ਤੇ ਸੀਨੀਅਰਜ ਨੂੰ ਦੰਦਾ ਬਾਰੇ ਬੇਹੱਦ ਕੀਮਤੀ ਜਾਣਕਾਰੀ ਦਿੰਦਿਆ ਉਹਨਾ ਦੀ ਸੰਭਾਲ ਬਾਰੇ ਸੁਚੇਤ ਕਰਨਗੇ। ਇਸ ਲਈ ਬਰੈਂਪਟਨ ਵਿੱਚ ਸੀਨੀਅਰਜ ਲਈ ਕੰਮ ਕਰ ਰਹੇ ਸਾਰੇ ਕਲੱਬਜ ਦੇ ਮੈਂਬਰ ਇਸ ਲਾਹੇਵੰਦ ਸੈਮੀਨਾਰ ਵਿੱਚ ਜਰੂਰ ਪਹੁੰਚਣ ਤੇ ਵਡਮੁੱਲੀ ਜਾਣਕਾਰੀ ਪ੍ਰਾਪਤ ਕਰਨ।

# ਭਾਰਤੀ ਰਾਜਨੀਤੀ ਦੇ ਚਿਹਰੇ ਉੱਤੇ ਨੂਰ ਆਇਐ, ਪਰ ਰੰਗ ਉਸ ਨੂਰ ਦਾ ਸੁਲੱਖਣਾ ਨਹੀਂ



ਜਤਿੰਦਰ ਪਨੂੰ ਦੀ ਕਲਮ ਤੋਂ

ਪੰਜਾਬ ਦੀ ਰਾਜਨੀਤੀ ਵੀ ਅਤੇ ਗਵਾਂਢ, ਖਾਸ ਕਰ ਕੇ ਹਰਿਆਣਾ ਅਤੇ ਦਿੱਲੀ ਦੀ ਰਾਜਨੀਤੀ ਵੀ ਜੁਲਾਈ ਚੜ੍ਹਦੇ ਸਾਰ ਇੱਕ ਵੱਖਰੇ ਮੁੱਦੇ ਕਾਰਨ ਤਿੱਖੀ ਸ਼ਬਦਾਵਲੀ ਦੀ ਗਵਾਹ ਬਣਦੀ ਵੇਖੀ ਗਈ ਹੈ। ਵੱਖਰੇ ਹਾਲਾਤ ਅਚਾਨਕ ਹੜ੍ਹਾਂ ਦੇ ਆਉਣ ਨਾਲ ਬਣੇ ਸਨ ਅਤੇ ਜਦੋਂ ਆਮ ਲੋਕ ਬਹੁਤ ਬੁਰੀ ਤਰ੍ਹਾਂ ਫਸੇ ਹੋਏ ਸਨ ਅਤੇ ਹਰ ਕਿਸੇ ਨੂੰ ਉਨ੍ਹਾਂ ਲਈ ਜੋ ਕੁਝ ਹੋ ਸਕਦਾ ਸੀ, ਉਹ ਕਰਨ ਦੀ ਲੋੜ ਸੀ, ਓਦੋਂ ਰਾਜਸੀ ਲੀਡਰਾਂ ਨੂੰ ਇਸ ਮੌਕੇ ਵੀ ਆਪੋ-ਆਪਣੀ ਰਾਜਸੀ ਧਿਰ ਦੇ ਹਿੱਤਾਂ ਵਾਸਤੇ ਗਿਣੇ-ਮਿੱਥੇ ਪੈਂਤੜੇ ਮੱਲਣ ਦੀਆਂ ਗੱਲਾਂ ਸੁੱਝਣ ਲੱਗੀਆਂ ਸਨ। ਇਸ ਹਫਤੇ ਦੇ ਇੱਕ ਦਿਨ ਪਟਿਆਲੇ ਜ਼ਿਲੇ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧੀ ਅਤੇਪੰਜਾਬ ਦੇ ਇੱਕ ਕੈਬਨਿਟ ਮੰਤਰੀ ਵਿਚਾਲੇ ਹੋਈ ਤੂੰ-ਤੂੰ-ਮੈਂ-ਮੈਂ ਦੀਆਂ ਖਬਰਾਂ ਪੜ੍ਹੀਆਂ ਹਨ। ਇਨ੍ਹਾਂ ਹੀ ਦਿਨਾਂ ਵਿੱਚ ਪੰਜਾਬ ਭਾਜਪਾ ਦੇ ਨਵੇਂ ਬਣਾਏ ਪ੍ਰਧਾਨ ਸੁਨੀਲ ਜਾਖੜ ਵੱਲੋਂ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦੇ ਖਿਲਾਫ ਬਿਆਨ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਓਸੇ ਸੁਰ ਵਿੱਚ ਦਿੱਤਾ ਜਵਾਬ ਪੜ੍ਹਿਆ ਹੈ। ਦਿੱਲੀ ਦੇ ਲੈਫਟੀਨੈਂਟ ਗਵਰਨਰ ਅਤੇ ਦਿੱਲੀ ਦੇ ਇੱਕ ਕੈਬਨਿਟ ਮੰਤਰੀ ਦਾ ਲੋਕਾਂ ਦੀ ਹਾਜ਼ਰੀ ਵਿੱਚ ਆਪਸੀ ਬੋਲ-ਬੁਲਾਰਾ ਵੀ ਪੜ੍ਹਿਆ ਅਤੇ ਕੁਝ ਥਾਈਂ ਇੱਕ ਜਾਂ ਦੂਸਰੇ ਲੀਡਰ ਦੇ 'ਗੁੰਮਸ਼ੁਦਾ' ਦੇ ਇਸ਼ਤਿਹਾਰ ਲੱਗੇ ਜਾਂ ਉਨ੍ਹਾਂ ਦੇ ਹੱਕ ਵਿੱਚ ਲੱਗੇ ਹੋਏ ਇਸ਼ਤਿਹਾਰਾਂ ਉੱਤੇ ਕਾਲਖ ਪੋਚਣ ਦੀਆਂ ਖਬਰਾਂ ਵੀ ਪੜ੍ਹੀਆਂ ਅਤੇ ਜਵਾਬ ਵਿੱਚ ਨਿੰਦਾ ਦੇ ਬਿਆਨ ਵੀ ਪੜ੍ਹੇ ਹਨ। ਕੁਝ ਲੋਕ ਕਹਿੰਦੇ ਹਨ ਕਿ ਇਹ ਹੜ੍ਹਾਂ ਦੀ ਮੁਸੀਬਤ ਕਾਰਨ ਪੈਦਾ ਹੋਈ ਤਲਖੀ ਦਾ ਪ੍ਰਗਟਾਵਾ ਸੀ, ਪਰ ਅਸੀਂ ਇਹ ਸੋਚ ਰਹੇ ਹਾਂ ਕਿ ਜੇ ਭਲਾ ਹੜ੍ਹ ਨਾ ਵੀ ਆਏ ਹੁੰਦੇ ਤਾਂ ਇਨ੍ਹਾਂ ਲੀਡਰਾਂ ਨੇ ਏਦਾਂ ਦੀ ਤਲਖੀ ਕਰਨ ਲਈ ਕੋਈ ਨਾ ਕੋਈ ਹੋਰ ਮੁੱਦਾ ਲੱਭ ਲੈਣਾ ਸੀ, ਤਲਖੀ ਦੀ ਲੋੜ ਜਾਂ ਸੁਭਾਅ ਉਹ ਛੱਡਦੇ ਹੀ ਕਦੀ ਨਹੀਂ।

ਜੁਲਾਈ ਦੇ ਦੂਸਰੇ ਹਫਤੇ ਵਿੱਚ ਇਸ ਵਾਰੀ ਜਿਹੜੀ ਮੁਸੀਬਤ ਆਈ, ਉਹ ਬਹੁਤ ਚਿਰ ਬਾਅਦ ਪੰਜਾਬ ਦੇ ਲੋਕਾਂ ਨੇ ਵੇਖੀ ਹੈ ਅਤੇ ਅਜੋਕੀ ਨੌਜਵਾਨ ਪੀੜ੍ਹੀ ਨੇ ਤਾਂ ਕਦੇ ਪਹਿਲਾਂ ਵੇਖੀ ਹੀ ਨਹੀਂ ਹੋਣੀ। ਸਾਡੀ ਪੀੜ੍ਹੀ ਦੇ ਲੋਕ ਪਹਿਲਾਂ ਇਸ ਤਰ੍ਹਾਂ ਦੀਆਂ ਕਈ ਮੁਸ਼ਕਲਾਂ ਵੇਖ ਚੁੱਕੇ ਹਨ ਅਤੇ ਉਨ੍ਹਾਂ ਦੌਰਾਨ ਹੋਈ ਤਬਾਹੀ ਅਤੇ ਉਸ ਵਕਤ ਦੀ ਰਾਜਨੀਤੀ ਦੇ ਚੋਚਲੇ ਵੀ ਅੱਜ ਤੱਕ ਭੁਲਾ ਨਹੀਂ ਸਕੇ। ਬਚਪਨ ਵਿੱਚ ਜਦੋਂ ਅਜੇ ਦੁੱਖਾਂ ਦੀ ਸੋਝੀ ਨਹੀਂ ਸੀ ਹੁੰਦੀ, ਪਿੰਡਾਂ ਵਿੱਚ ਆਏ ਪਾਣੀ ਨਾਲ ਮਾਪੇ ਜੂਝਦੇ ਤੇ ਬਚਾਅ ਕਰਦੇ ਹੁੰਦੇ ਸਨ ਤੇ ਅਸੀਂ ਗੰਦੇ ਪਾਣੀ ਵਿੱਚ ਤਾਰੀਆਂ ਲਾਉਂਦੇ ਹੁੰਦੇ ਸਾਂ। ਫਿਰ ਜਦੋਂ ਕੁਝ ਹੋਸ਼ ਆਈ ਤਾਂ ਪਹਿਲੀ ਵਾਰੀ ਸਾਲ 1974 ਦੇ ਹੜ੍ਹਾਂ ਵਿੱਚ ਘਰਾਂ ਵਿੱਚੋਂ ਮਜਬੂਰੀ ਕਾਰਨ ਨਿਕਲੇ ਅਤੇ ਦਰਿਆਵਾਂ ਜਾਂ ਨਹਿਰਾਂ ਅਤੇ ਰੇਲਵੇ ਲਾਈਨਾਂ ਦੇ ਕੰਢਿਆਂ ਉੱਤੇ ਆਣ ਬੈਠੇ ਲੋਕਾਂ ਦਾ ਸਾਨੂੰ ਚੇਤਾ ਹੈ। ਉਸ ਪਿੱਛੋਂ 1988 ਦੇ ਉਹ ਹੜ੍ਹ ਵੀ ਸਾਨੂੰ ਕਦੇ ਨਹੀਂ ਭੁੱਲ ਸਕਦੇ, ਜਦੋਂ ਬਿਆਸ ਦਰਿਆ ਦੇ ਪਾਣੀ ਨੇ ਬਿਆਸ ਦੇ ਕੋਲ ਢਿੱਲਵਾਂ ਵਾਲਾ ਰੇਲਵੇ ਪੁਲ ਪੁੱਟ ਕੇ ਕਈ ਫੁੱਟ ਦੂਰ ਸੁੱਟ ਦਿੱਤਾ ਸੀ ਤੇ ਜਿਨ੍ਹਾਂ ਨੇ ਵੇਖਿਆ ਨਹੀਂ ਸੀ, ਉਹ ਖਬਰਾਂ ਪੜ੍ਹ-ਸੁਣ ਕੇ ਯਕੀਨ ਨਹੀਂ ਸੀ ਕਰਦੇ ਤੇ ਹਰੀਕੇ ਪੱਤਣ ਤੋਂ ਅਗਲੇ ਕਈ ਪਿੰਡਾਂ ਦੇ ਲੋਕ ਕਈ-ਕਈ ਦਿਨ ਛੱਤਾਂ ਉੱਤੇ ਟੰਗੇ ਰਹੇ ਸਨ। ਅਜਨਾਲਾ-ਫਤਹਿਗੜ੍ਹ ਚੂੜੀਆਂ ਦੇ ਪਾਸੇ ਵੀ ਇਹੋ ਹਾਲਾਤ ਸੀ ਤੇ ਲੋਕ ਜਦੋਂ ਇੱਕ ਦੂਸਰੇ ਦੀ ਮਦਦ ਕਰਦੇ ਸਨ, ਰਾਜਨੀਤਕ ਲੀਡਰ ਉਸ ਵਕਤ ਵੀ ਅੱਜ ਵਾਂਗ ਹੀ ਬਿਆਨਬਾਜ਼ੀ ਕਰਦੇ ਫਿਰਦੇ ਸਨ। ਉਨ੍ਹਾਂ ਨੂੰ ਲੋਕਾਂ ਦੀ ਮਦਦ ਨਾਲੋਂ ਰਾਜਨੀਤੀ ਵੱਧ ਲੋੜੀਂਦੀ ਹੈ।

ਇਸ ਵਾਰੀ ਜਦੋਂ ਹਰ ਵਸੀਲਾ ਆਮ ਲੋਕਾਂ ਦੀ ਮਦਦ ਵਾਸਤੇ ਲਾਏ ਜਾਣ ਦੀ ਲੋੜ ਸੀ, ਕੁਝ ਧਿਰਾਂ ਨੇ ਜਿਸ ਤਰ੍ਹਾਂ ਅਵਾਜ਼ਾਰ ਕਰਨ ਵਾਲੀ ਬਿਆਨਬਾਜ਼ੀ ਕੀਤੀ ਹੈ, ਉਹ ਕਰਨੀ ਨਹੀਂ ਸੀ ਚਾਹੀਦੀ। ਭਾਜਪਾ ਪ੍ਰਧਾਨ ਸੁਨੀਲ ਜਾਖੜ ਜਿਹੜੇ ਰੰਗ ਵਿੱਚ ਆਪਣੇ ਨਵੇਂ ਅਹੁਦੇ ਨੂੰ ਸਹੀ ਸਾਬਤ ਕਰਨ ਲਈ ਤਿੱਖੀ ਤੋਰ ਚੱਲ ਪਏ ਤੇ ਹੜ੍ਹਾਂ ਵਿੱਚ ਫਸੇ ਲੋਕਾਂ ਦੀ ਮਦਦ ਦੀ ਥਾਂ ਪੰਜਾਬ ਦੇ ਮੁੱਖ ਮੰਤਰੀ ਤੋਂ ਕੇਂਦਰ ਦੇ ਫੰਡਾਂ ਦਾ ਹਿਸਾਬ ਮੰਗਿਆ ਸੀ, ਅੱਗੋਂ ਉਸ ਦੇ ਜਵਾਬ ਵਿੱਚ ਮੁੱਖ ਮੰਤਰੀ ਦਾ ਬਿਆਨ ਵੀ ਮੋੜਵੀਂ ਤੇ ਬਰਾਬਰ ਦੀ ਕੌੜ ਵਾਲਾ ਸੀ। ਉਂਜ ਸੁਨੀਲ ਜਾਖੜ ਨੂੰ ਚੇਤੇ ਕਰਨਾ ਚਾਹੀਦਾ ਹੈ ਕਿ ਪਿਛਲੀ ਸਰਕਾਰ ਕਾਂਗਰਸ ਦੀ ਸੀ ਅਤੇ ਉਹ ਓਦੋਂ ਉਸ ਪਾਰਟੀ ਦੇ ਵੀ ਪ੍ਰਧਾਨ ਸਨ, ਜਿਸ ਦਾ ਮੁੱਖ ਮੰਤਰੀ ਰਾਜਧਾਨੀ ਚੰਡੀਗੜ੍ਹ ਤੋਂ ਮਸਾਂ ਦਸ ਕਿਲੋਮੀਟਰ ਦੂਰ ਬੈਠਾ ਵੀ ਕਿਸੇ ਨੂੰ ਮਿਲਦਾ ਨਹੀਂ ਸੀ, ਓਦੋਂ ਦੇ ਖਜ਼ਾਨਾ ਮੰਤਰੀ ਅਤੇ ਹੋਰ ਮੰਤਰੀ ਜਿੰਦਾਂ ਦਾ ਹਿਸਾਬ-ਕਿਤਾਬ ਲੋਕਾਂ ਨੂੰ ਦੇ ਕੇ ਗਏ ਸਨ, ਉਹ ਲੋਕਾਂ ਨੂੰ ਭੁੱਲਿਆ ਨਹੀਂ। ਬਾਅਦ ਵਿੱਚ ਜਿੰਨੇ ਵੀ ਬਦਨਾਮ ਚਿਹਰੇ ਸਨ, ਅੱਗੜ-ਪਿੱਛੜਸਾਰੇਜਣੇ ਭਾਜਪਾ ਵਿੱਚ ਚਲੇ ਗਏ ਸਨ, ਜਿਸ ਦੀ ਅਗਵਾਈ ਸੁਨੀਲ ਜਾਖੜ ਨੂੰ ਮਿਲੀ ਹੈ। ਪਿਛਲੇ ਸਮੇਂ ਵਿੱਚ ਜਦੋਂ ਉਹ ਲੋਕ ਬਦਨਾਮੀ ਦੀਆਂ ਪੰਡਾਂ ਭਰਦੇ ਪਏ ਸਨ, ਉਸ ਵੇਲੇ ਵੀ ਉਨ੍ਹਾਂ ਦੇ ਪ੍ਰਧਾਨ ਜਾਖੜ ਸਨ ਤੇ ਜਿਸ ਪਾਸੇ ਉਹ ਸਾਰੇ ਚਲੇ ਗਏ ਹਨ, ਓਥੇ ਫਿਰ ਪ੍ਰਧਾਨਗੀ ਦਾ ਤਾਜ ਸੁਨੀਲ ਜਾਖੜ ਦੇ ਸਿਰ ਰੱਖ ਦਿੱਤਾ ਗਿਆ ਹੈ। ਕਰਨੀਆਂ ਉਹ ਕਰ ਗਏ ਸਨ ਅਤੇ ਬਦਨਾਮੀ ਦਾ ਜਵਾਬ ਓਦੋਂ ਵੀ ਸੁਨੀਲ ਜਾਖੜ ਨੂੰ ਦੇਣਾ ਪੈਂਦਾ ਸੀਅਤੇ ਅੱਜ ਵੀ।

ਦਿੱਲੀ ਵਿਚ ਚੰਗੀ-ਭਲੀ ਸਰਕਾਰ ਚੱਲ ਸਕਦੀ ਹੈ, ਕੋਈ ਖਾਸ ਨੁਕਸ ਹੋਵੇ ਤਾਂ ਕੇਂਦਰ ਸਰਕਾਰ ਦਖਲ ਦੇਣ ਦਾ ਪੂਰਾ ਹੱਕ ਰੱਖਦੀ ਹੈ, ਪਰ ਜਿੰਦਾਂ ਦੀ ਕੁੜੱਤਣ ਦੋਵਾਂ ਧਿਰਾਂ ਵਿੱਚ ਬੀਤੇ ਸਾਢੇ ਅੱਠ ਸਾਲਾਂ ਤੋਂ ਚੱਲਦੀ ਪਈ ਹੈ, ਉਸ ਨਾਲ ਦਿੱਲੀ ਵਿੱਚ ਰਹਿੰਦੇ ਲੋਕਾਂ ਦਾ ਕੋਈ ਭਲਾ ਨਹੀਂ ਹੋਣਾ, ਦੁਸ਼ਵਾਰੀਆਂ ਵਧਣਗੀਆਂ। ਹੜ੍ਹਾਂ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਇੱਕ ਫੈਸਲਾ ਦਿੱਤਾ ਸੀ ਕਿ ਤਿੰਨ ਵਿਭਾਗ ਛੱਡ ਕੇ ਦਿੱਲੀ ਸਰਕਾਰ ਦੇ ਕੰਮਾਂ ਵਿੱਚ ਲੈਫਟੀਨੈਂਟ ਗਵਰਨਰ ਜਾਂਕੇਂਦਰ ਦੀ ਸਰਕਾਰ ਕੋਈ ਦਖਲ ਨਹੀਂ ਦੇਣਗੇ, ਪਰ ਅਦਾਲਤੀ ਛੁੱਟੀਆਂ ਹੁੰਦੇ ਸਾਰ ਕੇਂਦਰ ਸਰਕਾਰ ਨੇ ਆਰਡੀਨੈਂਸ ਜਾਰੀ ਕਰਨ ਨਾਲ ਸੁਪਰੀਮ ਕੋਰਟ ਦਾ ਫੈਸਲਾ ਵੀ ਬਦਲ ਕੇ ਦਿੱਲੀ ਸਰਕਾਰ ਤੋਂ ਸਾਰੇ ਹੱਕ ਖੋਹ ਲਏ। ਜਦੋਂ ਹੜ੍ਹਾਂ ਨੇ ਮਾਰ ਕੀਤੀ ਤਾਂ ਦਿੱਲੀ ਦਾ ਕੋਈ ਅਫਸਰ ਦਿੱਲੀ ਦੇ ਮੁੱਖ ਮੰਤਰੀ ਅਤੇ ਮੰਤਰੀਆਂ ਦਾ ਕਿਹਾ ਮੰਨਣ ਨੂੰ ਤਿਆਰ ਨਹੀਂ ਸੀ, ਉਨ੍ਹਾਂ ਦੇ ਲਈ ਸਰਕਾਰ ਦਾ ਮਤਲਬ ਲੈਫਟੀਨੈਂਟ ਗਵਰਨਰ ਸੀ ਅਤੇ ਇਸ ਨਾਲ ਦੋਵਾਂ ਧਿਰਾਂ ਦੀ ਕੌੜ ਪਹਿਲਾਂ ਤੋਂ ਵੀ ਵਧਣ ਲੱਗ ਪਈ। ਕੇਂਦਰ ਸਰਕਾਰ ਨੇ ਦਿੱਲੀ ਦੇ ਮੁੱਖ ਮੰਤਰੀ ਦੀਆਂ ਮੁਸ਼ਕਾਂ ਕੱਸਣ ਲਈ ਉਹ ਆਰਡੀਨੈਂਸ ਜਾਰੀ ਕਰਨ ਵਾਲਾ ਕੰਮ ਨਾ ਕੀਤਾ ਹੁੰਦਾ ਤਾਂ ਅੱਜ ਦਿੱਲੀ ਵਿੱਚ ਆਏ ਹੜ੍ਹ ਦੀ ਜ਼ਿੰਮੇਵਾਰੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹੀ ਹੋਣੀ ਸੀ, ਪਰ ਜਦੋਂ ਅਫਸਰ ਉਸ ਦੇ ਕਹੇ ਵਿੱਚ ਨਹੀਂ ਚੱਲ ਰਹੇ ਤਾਂ ਉਸ ਨੂੰ ਜ਼ਿਮੇਵਾਰ ਠਹਿਰਾਉਣ ਦਾ ਕਾਰਨ ਨਹੀਂ ਲੱਭਦਾ। ਦੇਸ਼ ਦੀ ਰਾਜਧਾਨੀ ਦੇ ਸ਼ਹਿਰ ਵਿੱਚ ਆਇਆ ਪਾਣੀ ਸਾਰੇ ਦਾ ਸਾਰਾ ਦਿੱਲੀ ਵਿੱਚ ਪਏ ਮੀਂਹ ਦਾ ਨਹੀਂ, ਗਵਾਂਢੀ ਰਾਜ ਹਰਿਆਣਾ ਵੱਲੋਂ ਆ ਰਿਹਾ ਹੈ ਤੇ ਜਿਹੜਾ ਹਰਿਆਣਾ ਲੋੜ ਵੇਲੇ ਪਾਣੀ ਦੇਣ ਲਈ ਹਥਨੀ ਕੁੰਡ ਅਤੇ ਮੂਨਕ ਬੈਰਜ ਤੋਂ ਫੱਟੇ ਨਹੀਂ ਸੀ ਚੁੱਕਦਾ ਹੁੰਦਾ, ਹੜ੍ਹ ਆਉਣ ਉੱਤੇ ਇਹ ਕਹਿੰਦਾ ਹੈ ਕਿ ਓਥੋਂ ਪਾਣੀ ਬੰਦ ਕਰ ਦੇਣਾ ਉਸ ਦੇ ਵੱਸ ਵਿੱਚ ਹੀ ਨਹੀਂ। ਇਸ ਨਾਲ ਦਿੱਲੀ ਹੜ੍ਹਾਂ ਦੀ ਮਾਰ ਹੇਠ ਹੈ ਅਤੇ ਹੜ੍ਹਾਂ ਦੌਰਾਨ ਦਿੱਲੀ ਵਿੱਚ ਰਾਜਨੀਤੀ ਦਾ ਉਹੀ ਦੁਵੱਲਾ ਪਿੱਟ-ਸਿਆਪਾ ਹੋਈ ਜਾਂਦਾ ਹੈ, ਜਿਹੜਾ ਕੋਵਿਡ ਦੀ ਮਾਰ ਨਾਲ ਲੱਗੇ ਪਏ ਲਾਸ਼ਾਂ ਦੇ ਢੇਰਾਂ ਵਿਚਾਲੇ ਹੁੰਦਾ ਰਿਹਾ ਸੀ। ਇਹੋ ਜਿਹੇ ਮਾਹੌਲ ਵਿੱਚੋਂ ਰਾਜਨੀਤਕ ਲਾਭ ਖੱਟਣ ਦੀ ਜ਼ਿਮੇਵਾਰੀ ਤੋਂ ਰਾਜਨੀਤੀ ਦੀਆਂ ਦੋਵੇਂ ਧਿਰਾਂ ਨਹੀਂ ਬਚ ਸਕਦੀਆਂ।

ਸਾਨੂੰ ਸਿਆਸੀ ਲੀਡਰਾਂ ਦੀ ਖਸਲਤ ਸਮਝਣ ਵਿੱਚ ਬਹੁਤੀ ਮੁਸ਼ਕਲ ਨਹੀਂ ਆਉਣੀ ਚਾਹੀਦੀ। ਇਹ ਲੋਕ ਵਿਆਹ ਦੇ ਮੌਕੇ ਕਿਸੇ ਦੇ ਧੀ-ਪੁੱਤਰ ਨੂੰ ਆਸ਼ੀਰਵਾਦ ਦੇ ਚਾਰ ਸ਼ਬਦ ਬੋਲਣ ਲਈ ਵੀ ਮਾਈਕ ਅੱਗੇ ਆਉਣ ਤਾਂ ਰਾਜਨੀਤੀ ਦਾ ਖਿਲਾਰਾ ਪਾ ਬੈਠਦੇ ਹਨ ਤੇ ਕਿਸੇ ਘਰ ਮੌਤ ਹੋਈ ਤੋਂ ਸ਼ਰਧਾਂਜਲੀ ਭੇਟ ਕਰਨ ਦਾ ਮੌਕਾ ਮਿਲੇ ਤੋਂ ਵੀ ਓਥੇ ਰਾਜਨੀਤੀ ਦੀ ਕਚਿਆਣ ਇਸ ਤਰ੍ਹਾਂ ਖਿਲਾਰਦੇ ਹਨ ਕਿ ਲੋਕ ਅਵਾਜ਼ਾਰ ਹੋ ਸਕਦੇ ਹਨ। ਇਹ ਭਾਰਤੀ ਲੋਕਤੰਤਰ ਦੀ ਤਰਾਸਦੀ ਹੈ ਕਿ ਲੋਕਾਂ ਦੇ ਨਾਂਅ ਉੱਤੇ ਰਾਜਨੀਤੀ ਕਰਨ ਦੇ ਦਾਅਵੇਦਾਰ ਅਸਲ ਵਿੱਚ ਲੋਕਾਂ ਦੇ ਦੁੱਖਾਂ ਉੱਤੇ ਰਾਜਨੀਤੀ ਕਰਨ ਦੇ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ। 'ਚਿੜੀਆਂ ਦੀ ਮੌਤ, ਗੰਵਾਰਾਂ ਦਾ ਹਾਸਾ' ਅਸੀਂ ਬਚਪਨ ਤੋਂ ਸੁਣਦੇ ਆਏ ਸਾਂ, ਪਿੱਛੋਂ ਸਮਝ ਪਈ ਕਿ ਲੀਡਰ ਨਾਂਅ ਦੀ ਨਸਲ ਵੀ ਚਿੜੀਆਂ ਦੀ ਮੌਤ ਉੱਤੇ ਹੱਸਣ ਵਾਲੇ ਗੰਵਾਰਾਂ ਵਾਂਗ ਲੋਕਾਂ ਦੀਆਂ ਮੌਤਾਂ ਇਸ ਲਈ ਉਡੀਕਦੀ ਰਹਿੰਦੀ ਹੈ ਕਿ ਇਸ ਬਹਾਨੇ ਰਾਜਨੀਤੀ ਕੀਤੀ ਜਾ ਸਕੇ। ਗਰੀਬੜੇ ਬੰਦੇ ਨੂੰ ਕਿਸੇ ਪੀਰ ਨੇ ਕਹਿ ਦਿੱਤਾ ਸੀ ਕਿ ਸਵੇਰੇ ਚਿਰਾਗ ਉੱਤੇ ਦੋਵੇਂ ਹੱਥ ਘੁੰਮਾ ਕੇ ਆਪਣੇ ਚਿਹਰੇ ਉੱਤੇ ਫੇਰ ਲਈਏ ਤਾਂ ਚਿਹਰੇ ਉੱਤੇ ਨੂਰ ਆ ਜਾਵੇਗਾ ਤੇ ਉਹ ਅਗਲੇ ਦਿਨ ਇਹੋ ਕਰਨ ਲੱਗ ਪਿਆ। ਅੱਧਾ ਸੁੱਤਾ ਅਤੇ ਅੱਧਾ ਜਾਗਦਾ ਉਹ ਥੋੜ੍ਹਾ ਵੱਧਸਮਾਂ ਚਿਰਾਗ ਉੱਤੇ ਆਪਣੇ ਹੱਥ ਰੱਖ ਕੇ ਖੜਾ ਰਿਹਾ ਅਤੇ ਇਸ ਦੌਰਾਨ ਉਸ ਦੇ ਹੱਥ ਧੁਆਂਖੇ ਹੋਣ ਦਾ ਉਸ ਨੂੰ ਪਤਾ ਨਹੀਂ ਸੀ ਲੱਗਾ, ਉਵੇਂ ਹੀ ਚਿਹਰੇ ਉੱਤੇ ਫੇਰ ਕੇ ਪਤਨੀ ਨੂੰ ਪੁੱਛ ਬੈਠਾ ਕਿ ਚਿਹਰੇ ਉੱਤੇ ਕਿੰਨਾ ਕੁ ਨੂਰ ਆਇਆ ਹੈ! ਉਸ ਨੇ ਹੱਸ ਕੇ ਕਿਹਾ ਸੀ ਕਿ ਨੂਰ ਦਾ ਰੰਗ ਜੇ ਕਾਲਾ ਹੁੰਦਾ ਹੈ ਤਾਂ ਘਟਾਂ ਚੜ੍ਹੀਆਂ ਪਈਆਂ ਨੇ, ਪਰ ਜੇ ਕੋਈ ਹੋਰ ਰੰਗ ਹੁੰਦਾ ਹੈ ਤਾਂ ਤੂੰ ਪਹਿਲਾਂ ਤੋਂ ਵੀ ਬੇੜਾ ਗਰਕ ਕਰ ਕੇ ਆ ਗਿਆ ਹੈਂ। ਭਾਰਤੀ ਰਾਜਨੀਤੀ ਦੇ ਪੱਲੇ ਵੀ ਲੋਕਤੰਤਰ ਨੇ ਇਹੋ ਨੂਰ ਪਾਇਆ ਜਾਪਦਾ ਹੈ।

## ਕਾਰਬਨ ਟੈਕਸ, ਚਿਗਨੈਟੋ ਇਸਮਸ ਤੇ ਆਰਸੀਐਮਪੀ ਦੇ ਭਵਿੱਖ ਨੂੰ ਲੈ ਕੇ ਟਰੂਡੋ ਆਸਵੰਦ

ਓਟਵਾ, 20 ਜੁਲਾਈ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੋਮਵਾਰ ਨੂੰ ਦਿੱਤੀ ਗਈ ਇੱਕ ਇੰਟਰਵਿਊ ਵਿੱਚ ਕਾਰਬਨ ਟੈਕਸ, ਆਰਸੀਐਮਪੀ ਦੇ ਭਵਿੱਖ ਤੇ ਫੈਡਰਲ ਸਰਕਾਰ ਅਤੇ ਐਟਲਾਂਟਿਕ ਪ੍ਰੀਮੀਅਰਜ਼ ਦਰਮਿਆਨ ਸਬੰਧਾਂ ਬਾਰੇ ਚਰਚਾ ਕੀਤੀ ਗਈ।



ਸੀਟੀਵੀ ਐਟਲਾਂਟਿਕ ਦੇ ਟੌਡ ਬੈਟਿਸ ਨੂੰ ਦਿੱਤੀ ਇੰਟਰਵਿਊ ਵਿੱਚ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਪਹਿਲੀ ਜੁਲਾਈ ਤੋਂ ਐਟਲਾਂਟਿਕ ਕੈਨੇਡਾ ਵਿੱਚ ਪ੍ਰਭਾਵੀ ਹੋਏ ਫੈਡਰਲ ਕਾਰਬਨ ਪ੍ਰਾਈਸਿੰਗ ਪ੍ਰੋਗਰਾਮ ਲਈ ਫੈਡਰਲ ਸਰਕਾਰ ਨੂੰ ਕਾਫੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ। ਪ੍ਰੋਵਿੰਸ ਵੱਲੋਂ ਆਪਣੇ ਪੱਧਰ ਉੱਤੇ ਕਾਰਬਨ ਪ੍ਰਾਈਸਿੰਗ ਪ੍ਰੋਗਰਾਮ ਲਾਗੂ ਨਾ ਕੀਤੇ ਜਾਣ ਕਾਰਨ ਫੈਡਰਲ ਸਰਕਾਰ ਨੂੰ ਇਹ ਕਦਮ ਚੁੱਕਣਾ ਪਿਆ, ਜਿਸ ਕਾਰਨ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋ ਗਿਆ। ਕੁੱਝ ਐਟਲਾਂਟਿਕ ਕੈਨੇਡੀਅਨ ਹੈਰਾਨ ਹਨ ਕਿ ਸਵੱਛ ਫਿਊਲ ਰੈਗੂਲੇਸ਼ਨਜ਼ ਨਾਲ ਜੁੜੀ ਵਾਧੂ ਕੀਮਤ ਲਈ ਕੀ ਉਨ੍ਹਾਂ ਦੀ ਕਲਾਈਮੇਟ ਐਕਸ਼ਨ ਇੰਸੈਟਿਵ ਪੇਅਮੈਂਟ ਵਾਰਾ ਖਾ ਪਾਵੇਗੀ ਜਾਂ ਨਹੀਂ। ਜ਼ਿਕਰਯੋਗ ਹੈ ਕਿ ਪਿਛਲੇ ਕਈ ਹਫਤੇ ਐਟਲਾਂਟਿਕ ਪ੍ਰੀਮੀਅਰਜ਼ ਵੱਲੋਂ ਕਾਰਬਨ ਵਿਰੋਧੀ ਟੈਕਸ ਕੈਂਪੇਨ ਚਲਾਉਣ ਵਿੱਚ ਹੀ ਬਿਤਾਏ ਗਏ ਹਨ। ਨੋਵਾ ਸਕੋਸ਼ੀਆ ਦੇ ਪ੍ਰੀਮੀਅਰ ਟਿਮ ਹਿਊਸਟਨ ਵੱਲੋਂ ਟਰੂਡੋ ਨੂੰ ਪ੍ਰੀਮੀਅਰਜ਼ ਨਾਲ ਬੈਠ ਕੇ ਕਾਰਬਨ ਦੀਆਂ ਕੀਮਤਾਂ ਬਾਰੇ ਚਰਚਾ ਕਰਨ ਦਾ ਸੱਦਾ ਵੀ ਦਿੱਤਾ ਗਿਆ। ਪਰ ਇਸ ਦੌਰਾਨ ਟਰੂਡੋ ਨੇ ਆਖਿਆ ਕਿ ਕਲਾਈਮੇਟ ਐਕਸ਼ਨ ਇੰਸੈਂਟਿਵਜ਼ ਸਬੰਧੀ ਚੈੱਕ ਹੁਣ ਨੋਵਾ ਸਕੋਸ਼ੀਆ ਤੇ ਪ੍ਰਿੰਸ ਐਡਵਰਡ ਆਈਲੈਂਡਰਜ਼ ਦੇ ਬੈਂਕ ਖ਼ਾਤਿਆਂ ਵਿੱਚ ਜਮ੍ਹਾਂ ਹੋਣੇ ਸ਼ੁਰੂ ਹੋ ਗਏ ਹਨ ਤੇ ਇਸ ਤੋਂ ਸਿੱਧ ਹੁੰਦਾ ਹੈ ਕਿ ਫੈਡਰਲ ਸਰਕਾਰ ਕੈਨੇਡੀਅਨਜ਼ ਦੀਆਂ ਜੇਬ੍ਹਾਂ ਵਿੱਚ ਵਾਪਿਸ ਪੈਸੇ ਪਾ ਕੇ ਵੀ ਕਲਾਈਮੇਟ ਚੇਂਜ ਨਾਲ ਲੜ ਸਕਦੀ ਹੈ। ਨਿਊ ਬਰੰਜ਼ਵਿੱਕ ਤੇ ਨੋਵਾ ਸਕੋਸ਼ੀਆ ਦੇ ਪ੍ਰੀਮੀਅਰਜ਼ ਵੱਲੋਂ ਚਿਗਨੈਟੋ ਇਸਮਸ (ਕੈਨੇਡਾ ਦੀਆਂ ਮੈਰੀਟਾਈਮ ਪ੍ਰੋਵਿੰਸਾਂ ਦੇ ਐਨ ਵਿਚਕਾਰ ਜ਼ਮੀਨ ਦਾ ਨਿੱਕਾ ਜਿਹਾ ਟੁਕੜਾ) ਦੀ ਹਿਫਾਜ਼ਤ ਲਈ ਪੂਰੇ ਫੰਡ ਅਦਾ ਨਾ ਕੀਤੇ ਜਾਣ ਦੀ ਸੂਰਤ ਵਿੱਚ ਫੈਡਰਲ ਸਰਕਾਰ ਨੂੰ ਅਦਾਲਤ ਵਿੱਚ ਲਿਜਾਣ ਦੀ ਧਮਕੀ ਵੀ ਦਿੱਤੀ ਜਾ ਰਹੀ ਹੈ। ਇਨ੍ਹਾਂ ਪ੍ਰੀਮੀਅਰਜ਼ ਦਾ ਕਹਿਣਾ ਹੈ ਕਿ ਇਸ ਤੀ ਹਿਫਾਜ਼ਤ ਕਰਨਾ ਫੈਡਰਲ ਸਰਕਾਰ ਦੀ ਜ਼ਿੰਮੇਵਾਰੀ ਹੈ ਤੇ ਉਹ ਇਸ ਲਈ ਕੋਈ ਪੈਸੇ ਨਹੀਂ ਦੇਣ ਵਾਲੇ। ਇਸ ਉੱਤੇ ਟਰੂਡੋ ਨੇ ਇਹ ਸਵੀਕਾਰ ਕੀਤਾ ਕਿ ਇਸਮਸ ਦੀ ਹਿਫਾਜ਼ਤ ਕਰਨਾ ਫੈਡਰਲ ਸਰਕਾਰ ਦੀ ਜ਼ਿੰਮੇਵਾਰੀ ਹੈ ਪਰ ਉਨ੍ਹਾਂ ਇਹ ਤਰਕ ਵੀ ਰੱਖਿਆ ਕਿ ਇਹ ਪ੍ਰੋਵਿੰਸਾਂ ਤੇ ਪ੍ਰਾਈਵੇਟ ਸਟੇਕਹੋਲਡਰਜ਼ ਦੇ ਨਾਲ ਸਾਂਝੀ ਜ਼ਿੰਮੇਵਾਰੀ ਹੈ। ਇਸ ਪ੍ਰੋਜੈਕਟ ਲਈ ਫੈਡਰਲ ਸਰਕਾਰ ਵੱਲੋਂ 200 ਮਿਲੀਅਨ ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ। ਟਰੂਡੋ ਨੇ ਇਹ ਵੀ ਆਖਿਆ ਕਿ ਬਾਕੀ ਦਾ 200 ਮਿਲੀਅਨ ਪ੍ਰੋਵਿੰਸਾਂ ਵੱਲੋਂ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ।

ਇਹ ਪੁੱਛੇ ਜਾਣ ਉੱਤੇ ਕਿ ਕੀ ਭਵਿੱਖ ਵਿੱਚ ਆਰਸੀਐਮਪੀ ਨੂੰ ਅਮੇਰੀਕਨ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਦੀ ਤਰਜ਼ ਉੱਤੇ ਫੈਡਰਲ ਇਨਵੈਸਟੀਗੇਟਿਵ ਫੋਰਸ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ, ਟਰੂਡੋ ਨੇ ਆਖਿਆ ਕਿ ਭਵਿੱਖ ਵਿੱਚ ਅੱਗੇ ਵੱਧਣ ਲਈ ਕੈਨੇਡਾ ਨੂੰ ਪੁਲਿਸਿੰਗ ਦੇ ਨਵੇਂ ਮਾਡਲ ਦੀ ਲੋੜ ਹੈ। ਉਨ੍ਹਾਂ 2020 ਵਿੱਚ ਨੋਵਾ ਸਕੋਸ਼ੀਆ ਵਿੱਚ ਹੋਈ ਮਾਸ ਸੂਟਿੰਗ ਦੀ ਜਾਂਚ ਦੀ ਮਿਸਾਲ ਵੀ ਦਿੱਤੀ।

## ਬਰੈਂਪਟਨ ਵਿੱਚ ਅੱਜ ਤੋਂ ਸ਼ੁਰੂ ਹੋਵੇਗਾ ਮਿਊਜ਼ਿਕ ਤੇ ਡਾਂਸ ਫੈਸਟੀਵਲ

...ਪੰਨਾ 1 ਦਾ ਬਾਕੀ

ਇਸ ਫੈਸਟੀਵਲ ਨੂੰ 20 ਜੁਲਾਈ ਨੂੰ ਸ਼ਾਮੀਂ 6:30 ਵਜੇ ਤੋਂ 8:30 ਦਰਮਿਆਨ ਬਰੈਂਪਟਨ ਦੇ ਸਿਟੀ ਹਾਲ ਕੰਜ਼ਰਵੇਟਰੀ ਤੋਂ ਰਸਮੀ ਤੌਰ ਉੱਤੇ ਲਾਂਚ ਵੀ ਕੀਤਾ ਗਿਆ। ਇਸ ਦੌਰਾਨ ਆਮਾਨ ਤ੍ਰਿਖਾ, ਜੱਸੀ ਸਿੱਧੂ ਤੇ ਫਲਕ ਸ਼ਬੀਰ ਦੇ ਨਾਲ ਨਾਲ ਲੋਕਲ ਆਰਟਿਸਟਸ ਵੀ ਮੌਜੂਦ ਸਨ।

ਆਮਾਨ ਤ੍ਰਿਖਾ ਬਾਲੀਵੁੱਡ ਵਿੱਚ ਕਈ ਹਿੱਟ ਗਾਣੇ ਦੇ ਚੁੱਕੇ ਹਨ। ਉਨ੍ਹਾਂ ਸਲਮਾਨ ਖਾਨ ਲਈ ਪ੍ਰੇਮ ਲੀਲਾ ਤੇ ਅਕਸ਼ੇ ਕੁਮਾਰ ਲਈ ਹੁੱਕਾ ਬਾਰ ਗਾਣਾ ਵੀ ਗਾਇਆ। ਉਨ੍ਹਾਂ ਦੀ ਬਾਲੀਵੁੱਡ ਵਿੱਚ ਐਂਟਰੀ ਓਹ ਮਾਈ ਗੌਡ ਫਿਲਮ ਦੇ ਗ ਗ ਗੋਵਿੰਦਾ ਗਾਣੇ ਰਾਹੀਂ ਹੋਈ। ਅਮਿਤਾਬ ਬੱਚਨ, ਸ਼ਾਹ ਰੁਖ ਖਾਨ, ਸਲਮਾਨ ਖਾਨ, ਅਕਸ਼ੇ ਕੁਮਾਰ, ਅਜੇ ਦੇਵਗਨ, ਵਰੁਣ ਧਵਨ ਆਦਿ ਲਈ ਉਹ 200 ਤੋਂ ਵੱਧ ਗਾਣੇ ਗਾ ਚੁੱਕੇ ਹਨ। ਪੰਜਾਬੀ ਪੌਪ ਸਿੰਗਰ ਜੱਸੀ ਸਿੱਧੂ ਦਾ ਨਾਂ ਵੀ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਬੈਂਡ ਇੱਟ ਲਾਈਕ ਬੈਕਹਮ ਤੇ ਬ੍ਰੇਕਅਵੇਅ ਦੇ ਗਾਣਿਆਂ ਨਾਲ ਆਸਮਾਨੀ ਚੜ੍ਹੇ ਜੱਸੀ ਸਿੱਧੂ ਦਾ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਚੰਗਾ ਨਾਂ ਹੈ। ਉਨ੍ਹਾਂ ਵੱਲੋਂ ਗਾਏ ਵੀਰਜੀ ਵਿਆਹੁਣ ਚੱਲਿਆ ਤੇ ਚੰਡੀਗੜ੍ਹ ਕਰੇ ਆਸ਼ਕੀ ਵਰਗੇ ਗਾਣੇ ਬੱਚੇ ਬੱਚੇ ਦੀ ਜ਼ੁਬਾਨ ਉੱਤੇ ਰਹੇ ਹਨ। ਪਾਕਿਸਤਾਨੀ ਪੰਜਾਬੀ ਪੌਪ ਗਾਇਕ ਫਲਕ ਸ਼ਬੀਰ ਨੂੰ ਉਨ੍ਹਾਂ ਦੇ ਸੋਲੋ ਟਰੈਕਸ ਜਿਵੇਂ ਕਿ ਇਜਾਜ਼ਤ, ਤੂੰ ਮੇਰਾ ਦਿਲ, ਯਾਰ ਮਿਲਾ ਦੇ, ਰੋਗ, ਸੁਹਣੀਏ, ਰੱਬਾ ਹੋ ਆਦਿ ਕਾਰਨ ਜਾਣਿਆ ਜਾਂਦਾ ਹੈ। ਆਈ, ਮੀ ਅਰ ਮੈਂ ਫਿਲਮ ਦੇ ਗਾਣੇ ਸਾਜਨਾ ਰਾਹੀਂ ਫਲਕ ਨੇ ਬਾਲੀਵੁੱਡ ਵਿੱਚ ਪੈਰ ਧਰਿਆ ਸੀ। ਉਨ੍ਹਾਂ ਕਈ ਬਾਲੀਵੁੱਡ ਗਾਣੇ ਜਿਵੇਂ ਕਿ ਫਿਲਮ ਸਨਮ ਰੇਅ ਦਾ ਗਾਣਾ ਕਿਆ ਅਬ ਤੁਮਹੇਂ ਯੇ ਦਿਲ ਬਤਾਏ,ਫਿਲਮ ਨੌਟੰਕੀ ਸਾਲਾ ਦਾ ਗਾਣਾ ਮੇਰਾ ਮਨ ਕਹਿਣੇ ਲਗਾ ਤੇ ਆਈ ਲਵ ਨਿਊ ਯੌਰਕ ਦੇ ਗਾਣੇ ਕੈਸੀ ਯੇ ਜੁਦਾਈ ਹੈ ਨਾਲ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਈ।

ਇਸ ਫੈਸਟੀਵਲ ਨੂੰ ਟੀਡੀ ਬੈਂਕ, ਵਾਓ ਮੋਬਾਈਲ, ਡਾਊਨਟਾਊਨ ਬਰੈਂਪਟਨ ਦੇ ਬੀਆਈਏ ਐਂਡ ਲਜ਼ੀਜ਼ ਸ਼ਵਰਮਾ, ਕੈਨੇਡੀਅਨ ਬਲੱਡ ਸਰਵਿਸਿਜ਼, ਬਰੈਂਪਟਨ ਲਾਇਬ੍ਰੇਰੀ ਤੇ ਬਰੈਂਪਟਨ ਆਰਟਸ ਆਰਗੇਨਾਈਜ਼ੇਸ਼ਨ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਓਨਟਾਰੀਓ ਟ੍ਰਿਲੀਅਮ ਫਾਊਂਡੇਸ਼ਨ, ਕੈਨੇਡੀਅਨ ਹੈਰੀਟੇਜ, ਸਿਟੀ ਆਫ ਬਰੈਂਪਟਨ ਐਂਡ ਫੈਕਟਰਜ਼ ਵੱਲੋਂ ਇਸ ਫੈਸਟੀਵਲ ਲਈ ਫੰਡ ਮੁਹੱਈਆ ਕਰਵਾਏ ਗਏ ਹਨ। ਇਸ ਫੈਸਟੀਵਲ ਦਾ ਆਯੋਜਨ ਗੈਰ ਮੁਨਾਫੇ ਵਾਲੀ ਸੰਸਥਾ ਆਰਟਸ ਐਂਡ ਕਲਚਰ ਇਨੀਸ਼ਿਏਟਿਵ ਆਫ ਸਾਊਥ ਏਸ਼ੀਆ (ਅਸੀਸਾ) ਵੱਲੋਂ ਕੀਤਾ ਗਿਆ ਹੈ।


**VENUE**
**HEART LAKE CONVERSATION PARK**
**SITE - LAKEMOUNT 4**
Address: 10818 Heart Lake Rd, Brampton, ON L6Z 0B3



# Samrai Picnic
**AUGUST 6, 2023**

# ਪਿੰਡ ਸਮਰਾਏ ਦੇ ਵਾਸੀਆਂ ਵਲੋਂ 6 ਅਗਸਤ ਨੂੰ ਪਿਕਨਿੱਕ

ਪਿੰਡ ਸਮਰਾਏ ਦੇ ਸਮੂਹ ਵਾਸੀਆਂ ਵਲੋਂ ਆਪਣੀ ਸਲਾਨਾ ਪਿਕਨਿਕ **06** ਅਗਸਤ ਦਿਨ ਐਤਵਾਰ ਨੂੰ ਹਾਰਟ ਲੇਕ ਕੰਜ਼ੂਵੇਸ਼ਨ ਪਾਰਕ ਵਿਖੇ ਠੀਕ ਦੁਪਿਹਰ 11 ਵਜ ਤੋਂ ਸ਼ਾਮ 6 ਵਜੇ ਤੱਕ ਮਨਾਈ ਜਾ ਰਹੀ ਹੈ । ਇਸ ਦੌਰਾਨ ਬੱਚਿਆਂ ਦੀਆਂ ਖੇਡਾਂ ਅਤੇ ਹੋਰ ਮਨੋਰੰਜਕ ਖੇਡਾਂ ਕਰਵਾਈਆਂ ਜਾਣਗੀਆਂ ਜਿਹਨਾਂ ਵਿਚ ਲੇਡੀਜ਼ ਲਈ 50 ਮੀਟਰ ਦੌੜ, ਬੋਰੀ ਰੇਸ ਅਤੇ ਤਿੰਨ ਟੰਗੀ ਰੇਸ ਵੀ ਸ਼ਾਮਲ ਹਨ । ਪ੍ਰਬੰਧਕਾਂ ਵਲੋਂ ਜੀਟੀਏ ਵਿਚ ਵੱਸਦੇ ਸਮੂਹ ਸਮਰਾਏ ਪਿੰਡ ਵਾਸੀਆਂ ਨੂੰ ਬੇਨਤੀ ਹੈ ਕਿ ਉਹ ਪਰਿਵਾਰਾਂ ਸਮੇਤ ਇਸ ਪਰਿਵਾਰਕ ਪਿਕਨਿਕ ਵਿਚ ਸ਼ਾਮਲ ਹੋਣ ਅਤੇ ਆਪਣੇ ਪਿੰਡ ਨਾਲ ਜੁੜੀਆਂ ਯਾਦਾਂ ਨੂੰ ਤਾਜਾ ਕਰਨ ।



People of Village. Samrai has organised a Picnic on **August 06, 2023, Sunday from 11 am to 6 pm.**
In the park various activities will be played such as **50 meter race, sack race, 3-legged race.**
We request you to accompany your childrens, parents, grandparents with you to recall old memories.

ਪਿਕਨਿੱਕ ਬਾਰੇ ਜਿਆਦਾ ਜਾਨਕਾਰੀ ਲਈ ਸੁਰਜੀਤ ਸਮਰਾ 289-828-2117, ਅਮਰਜੀਤ ਸਮਰਾ 416-939-8292 ਜਾਂ ਮੋਹੀਂਦਰ ਸਮਰਾ 416-271-8477 ਨੂੰ ਸੰਪ੍ਰਕ ਕੀਤਾ ਜਾ ਸਕਦਾ ਹੇ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editor** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


## ਨਾਈਕੀ ਨੇ ਹਾਕੀ ਕੈਨੇਡਾ ਨਾਲੋਂ ਸਦਾ ਲਈ ਤੋੜਿਆ ਨਾਤਾ

ਓਟਵਾ, 20 ਜੁਲਾਈ (ਪੋਸਟ ਬਿਊਰੋ) : ਬੀਤੇ ਦਿਨੀਂ ਨਾਈਕੀ ਵੱਲੋਂ ਸਥਾਈ ਤੌਰ ਉੱਤੇ ਹਾਕੀ ਕੈਨੇਡਾ ਨੂੰ ਦਿੱਤੀ ਜਾਣ ਵਾਲੀ ਸਪਾਂਸਰਸ਼ਿਪ ਖ਼ਤਮ ਕਰ ਦਿੱਤੀ ਗਈ ਹੈ। ਕਥਿਤ ਜਿਨਸੀ ਹਮਲਿਆਂ ਤੇ ਅਜਿਹੇ ਮਾਮਲਿਆਂ ਨੂੰ ਨਿਪਟਾਉਣ ਲਈ ਦਿੱਤੀ ਗਈ ਮਾਲੀ ਮਦਦ ਦੇ ਚੱਲਦਿਆਂ ਪਹਿਲਾਂ ਨਾਈਕੀ ਵੱਲੋਂ ਕੁੱਝ ਸਮੇਂ ਲਈ ਹਾਕੀ ਕੈਨੇਡਾ ਨੂੰ ਦਿੱਤੀ ਜਾਣ ਵਾਲੀ ਸਪਾਂਸਰਸ਼ਿਪ ਉੱਤੇ ਰੋਕ ਲਾਈ ਸੀ।

ਨਾਈਕੀ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਹੁਣ ਨਾਈਕੀ ਹਾਕੀ ਕੈਨੇਡਾ ਦੀ ਸਪਾਂਸਰ ਨਹੀਂ ਰਹਿ ਗਈ ਹੈ। ਇਹ ਵੀ ਆਖਿਆ ਗਿਆ ਕਿ ਇੰਟਰਨੈਸ਼ਨਲ ਆਈਸ ਹਾਕੀ ਫੈਡਰੇਸ਼ਨ ਨਾਲ ਭਾਈਵਾਲੀ ਦੇ ਚੱਲਦਿਆਂ ਕੰਪਨੀ ਹਾਕੀ ਕੈਨੇਡਾ ਦੇ ਖਿਡਾਰੀਆਂ ਨੂੰ ਆਨ-ਆਈਸ ਪ੍ਰੋਡਕਟ ਮੁਹੱਈਆ ਕਰਵਾਉਣੇ ਜਾਰੀ ਰੱਖੇਗੀ ਪਰ ਫੈਡਰੇਸ਼ਨ ਨਾਲ ਸਾਡੀ ਵਿਅਕਤੀਗਤ ਭਾਈਵਾਲੀ ਖ਼ਤਮ ਕੀਤੀ ਜਾ ਰਹੀ ਹੈ।

ਪਿਛਲੇ ਸਾਲ ਹਾਕੀ ਕੈਨੇਡਾ ਵੱਲੋਂ ਇਹ ਸਵੀਕਾਰੇ ਜਾਣ ਕਿ ਉਨ੍ਹਾਂ ਨੇ ਆਪਣੇ ਰਿਜ਼ਰਵ ਰੱਖੇ ਫੰਡਾਂ ਨੂੰ ਜਿਨਸੀ ਹਮਲਿਆਂ ਨਾਲ ਸਬੰਧਤ ਮਾਮਲਿਆਂ ਨੂੰ ਸੁਲਝਾਉਣ ਵਾਸਤੇ ਵਰਤਿਆ, ਟਿੰਮ ਹੌਰਟਨਜ਼, ਬੈਂਕ ਆਫ ਨੋਵਾ ਸਕੋਸ਼ੀਆ, ਸ਼ੈਵਰਲੇ ਕੈਨੇਡਾ ਤੇ ਟੈਲਸ ਦੀ ਤਰਜ਼ ਉੱਤੇ ਨਾਈਕੀ ਨੇ ਵੀ ਕੁੱਝ ਸਮੇਂ ਲਈ ਆਪਣੀ ਸਪਾਂਸਰਸ਼ਿਪ ਮੁਲਤਵੀ ਕਰ ਦਿੱਤੀ ਸੀ।



ਇਸ ਦੌਰਾਨ ਸੋਮਵਾਰ ਨੂੰ ਹਾਕੀ ਕੈਨੇਡਾ ਦੇ ਤਰਜ਼ਮਾਨ ਵੱਲੋਂ ਪੜ੍ਹੇ ਗਏ ਬਿਆਨ ਮੁਤਾਬਕ ਹਾਕੀ ਕੈਨੇਡਾ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਨਾਈਕੀ ਨਾਲ ਆਪਣੀ ਸਾਂਝ ਲਈ ਤਹੇ ਦਿਲੋਂ ਸ਼ੁਕਰਗੁਜ਼ਾਰ ਹੈ ਤੇ ਕੰਪਨੀ ਤੇ ਹਾਕੀ ਕੈਨੇਡਾ ਨਾਲ ਆਪਣੀ ਭਾਈਵਾਲੀ ਖ਼ਤਮ ਕਰਨ ਦੇ ਫੈਸਲੇ ਦਾ ਸਨਮਾਨ ਕਰਦੀ ਹੈ।


## ਮੇਰੀ ਪਾਕਿਸਤਾਨ ਫੇਰੀ-13

# ਫੈਸਲਾਬਾਦ (ਪੁਰਾਣਾ ਲਾਇਲਪੁਰ) ਵੇਖਣ ਦੀ ਰੀਝ ਹੋਈ ਪੂਰੀ

ਡਾ. ਸੁਖਦੇਵ ਸਿੰਘ ਝੰਡ
ਫੋਨ: +91 97798 80184













ਸਾਡੇ ਵੱਲੋਂ ਬਦਲਾਏ ਗਏ ਪ੍ਰੋਗਰਾਮ ਅਨੁਸਾਰ ਪਹਿਲੀ ਮਾਰਚ ਨੂੰ ਸਾਡਾ ਭਾਰਤ ਨੂੰ ਵਾਪਸੀ ਦਾ ਦਿਨ ਸੀ ਅਤੇ ਇਸ ਤੋਂ ਇੱਕ ਦਿਨ ਪਹਿਲਾਂ ਅਸੀਂ ਫੈਸਲਾਬਾਦ ਜਿਸ ਦਾ ਪੁਰਾਣਾ ਨਾਂ 'ਲਾਇਲਪੁਰ' ਸੀ ਅਤੇ ਇਸਦਾ ਇਹ ਨਾਂ ਅੰਗਰੇਜ਼ ਅਫ਼ਸਰ ਸਰ ਜੇਮਜ਼ ਲਾਇਲ ਦੇ ਨਾਂ ਦੇ ਪਿਛਲੇ ਭਾਗ (ਸਰਨੇਮ) 'ਲਾਇਲ' ਦੇ ਨਾਂ 'ਤੇ ਰੱਖਿਆ ਗਿਆ ਸੀ, ਨੂੰ ਵੇਖਣ ਦੀ ਰੀਝ ਮਨ ਵਿੱਚ ਸੀ। ਮੇਰੇ ਵਡੇਰਿਆਂ ਦਾ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਇਸ ਸ਼ਹਿਰ ਤੋਂ ਮਸਾਂ 10 ਕੁ ਕਿਲੋਮੀਟਰ ਹੀ ਦੂਰ ਹੈ ਅਤੇ 1947 ਦੀ 'ਵੰਡ' ਤੋਂ ਪਹਿਲਾਂ ਉਨ੍ਹਾਂ ਦਾ ਇਸ ਨੇੜਲੇ ਸ਼ਹਿਰ ਵਿੱਚ ਕਾਫੀ ਆਉਣਾ ਜਾਣਾ ਸੀ। ਮੇਰੇ ਪਿਤਾ ਜੀ ਨੇ 1944 ਵਿੱਚ ਐੱਫ਼.ਐੱਸ.ਸੀ. ਇੱਥੋਂ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਕੀਤੀ ਸੀ। ਉਦੋਂ ਇਹ ਇੰਟਰਮੀਡੀਏਟ ਕਾਲਜ ਸੀ ਅਤੇ ਬੀ.ਐੱਸ.ਸੀ. ਕਰਨ ਲਈ ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲਾ ਲਿਆ, ਕਿਉਂਕਿ ਮੇਰੇ ਦਾਦਾ ਜੀ ਉਨ੍ਹਾਂ ਨੂੰ ਲਾਹੌਰ ਵਿੱਚ ਨਹੀਂ, ਸਗੋਂ ਅੰਮ੍ਰਿਤਸਰ ਦੇ ਇਸ ਕਾਲਜ ਵਿੱਚ ਹੀ ਪੜ੍ਹਾਉਣਾ ਚਾਹੁੰਦੇ ਸਨ, ਕਿਉਂਕਿ ਉਹ ਇਸ ਕਾਲਜ ਨੂੰ ਸਿੱਖ ਕੌਮ ਦੀ ਸੁਪਰੀਮ ਵਿਦਿਅਕ ਸੰਸਥਾ ਸਮਝਦੇ ਸਨ। ਪਿਤਾ ਜੀ ਨੇ 1946 ਵਿੱਚ ਇੱਥੋਂ ਬੀ.ਐੱਸ.ਸੀ. (ਮੈਡੀਕਲ) ਕੀਤੀ। ਬਚਪਨ ਵਿੱਚ ਉਹ ਸਾਨੂੰ ਲਾਇਲਪੁਰ ਸ਼ਹਿਰ ਦੇ ਘੰਟਾ-ਘਰ ਅਤੇ ਇਸ ਦੇ ਆਲੇ-ਦੁਆਲੇ ਬਣੇ ਅੱਠ ਬਾਜ਼ਾਰਾਂ ਦੀਆਂ ਕਈ ਗੱਲਾਂ ਸੁਣਾਇਆ ਕਰਦੇ ਸਨ ਜੋ ਸਾਡੇ ਲਈ ਬੜੀਆਂ ਹੀ ਦਿਲਚਸਪ ਹੁੰਦੀਆਂ ਸਨ। ਉਹ ਦੱਸਦੇ ਹੁੰਦੇ ਸਨ ਕਿ ਜੇਕਰ ਕੋਈ ਵਿਅੱਕਤੀ ਇਨ੍ਹਾਂ ਅੱਠਾਂ ਬਾਜ਼ਾਰਾਂ ਵਿੱਚੋਂ ਕਿਸੇ ਦੇ ਵਿੱਚ ਵਿੱਚ ਵੀ ਕਿਧਰੇ ਰਸਤਾ ਭੁੱਲ ਜਾਂਦਾ ਸੀ ਤਾਂ ਉਹ ਉੱਥੋਂ ਵਾਪਸ ਆ ਕੇ ਬੜੀ ਆਸਾਨੀ ਨਾਲ ਘੰਟਾ-ਘਰ ਪਹੁੰਚ ਜਾਂਦਾ ਸੀ।

ਇਸ ਸ਼ਹਿਰ ਵਿੱਚ ਮੈਡੀਕਲ ਸਾਇੰਸ ਨਾਲ ਸਬੰਧਿਤ ਮਹਾਨ ਅਦਾਰਾ 'ਫੈਸਲਾਬਾਦ ਇਨਸਟੀਚਿਉਟ ਆਫ਼ ਕਾਰਡਿਆਲੋਜੀ' ਹੈ ਜਿੱਥੇ ਦਿਲ ਦੇ ਰੋਗਾਂ ਨਾਲ ਸਬੰਧਿਤ ਉਚੇਰੀ ਪੜ੍ਹਾਈ ਅਤੇ ਖੋਜ ਹੁੰਦੀ ਹੈ। ਇਸ ਦੇ ਨਾਲ ਜੁੜਿਆ ਦਿਲ ਦੇ ਰੋਗਾਂ ਦਾ ਇੱਕ ਬਹੁਤ ਵੱਡਾ ਹਸਪਤਾਲ ਵੀ ਹੈ। ਇੱਥੇ 'ਯੂਨੀਵਰਸਿਟੀ ਆਫ਼ ਐਗਰੀਕਲਚਰ ਫੈਸਲਾਬਾਦ' (ਯੂਏਐੱਫ਼) ਹੈ ਜਿਸ ਨੂੰ ਵੇਖਣ ਦੀ ਤੀਬਰ ਇੱਛਾ ਜੀਜਾ ਜੀ ਡਾ. ਸੁਖਵਿੰਦਰ ਸਿੰਘ ਥਿੰਦ ਦੀ ਸੀ। ਦਰਅਸਲ, ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ 'ਸੀਨੀਅਰ ਸਾਇਲ ਸਾਇੰਟਿਸਟ' ਵਜੋਂ ਸੇਵਾ-ਮੁਕਤ ਹੋਏ ਹਨ ਅਤੇ ਫੈਸਲਾਬਾਦ ਦੀ ਇਸ ਖੇਤੀਬਾੜੀ ਯੂਨੀਵਰਸਿਟੀ ਦਾ ਮੁਕਾਬਲਾ ਆਪਣੀ ਯੂਨੀਵਰਸਿਟੀ ਦੇ ਨਾਲ ਕਰਨਾ ਚਾਹੁੰਦੇ ਸੀ। ਇਸ ਤਰ੍ਹਾਂ ਫੈਸਲਾਬਾਦ ਜਾਣ ਦੇ ਸਾਡੇ ਸਾਹਮਣੇ ਦੋ-ਤਿੰਨ ਮਕਸਦ ਸਨ ਜੋ ਅਸੀਂ ਇੱਕੋ ਦਿਨ ਦੇ ਇਸ ਗੇੜੇ ਵਿਚ ਹੀ ਪੂਰੇ ਕਰਨਾ ਚਾਹੁੰਦੇ ਸੀ।

### ਫੈਸਲਾਬਾਦ ਨੂੰ ਪਾਏ ਚਾਲੇ

ਇੱਥੇ ਚੱਲ ਰਹੀ ਆਪਣੀ ਰੁਟੀਨ ਅਨੁਸਾਰ ਅਸੀਂ ਨੌਂ ਕੁ ਵਜੇ ਹੋਟਲ ਵਿੱਚ ਨਾਸ਼ਤਾ ਕੀਤਾ ਅਤੇ ਏਨੇ ਨੂੰ ਸਾਡੇ ਮੇਜ਼ਬਾਨ ਵੀ ਉੱਥੇ ਸਾਡੇ ਕੋਲ ਪਹੁੰਚ ਗਏ। ਸਾਢੇ ਨੌਂ ਵਜੇ ਅਸੀਂ ਗੱਡੀ ਫੈਸਲਾਬਾਦ ਜਾਣ ਲਈ ਮੋਟਰਵੇਅ ਐੱਮ-2 'ਤੇ ਪਾ ਲਈ ਅਤੇ ਅੱਗੋਂ ਸਰਗੋਧੇ ਨੇੜਿਉਂ ਮੋਟਰਵੇਅ ਐੱਮ-4 ਲਿਆ। ਫੈਸਲਾਬਾਦ ਪਹੁੰਚਣ ਲਈ ਸਾਨੂੰ ਲੱਗਭੱਗ ਤਿੰਨ ਘੰਟੇ ਲੱਗ ਗਏ। ਸਮਾਂ ਬਚਾਉਣ ਲਈ ਅਸੀਂ ਰਸਤੇ ਵਿੱਚ 10-15 ਮਿੰਟਾਂ ਦਾ ਹੀ ਇੱਕ ਛੋਟਾ ਜਿਹਾ ਪੜਾਅ ਕੀਤਾ। ਫੈਸਲਾਬਾਦ ਪਹੁੰਚ ਕੇ ਸੱਭ ਤੋਂ ਪਹਿਲਾਂ ਉੱਥੋਂ ਦੀ ਖੇਤੀਬਾੜੀ ਯੂਨੀਵਰਸਿਟੀ ਵੇਖਣ ਦਾ ਪ੍ਰੋਗਰਾਮ ਬਣਿਆ। ਡਰਾਈਵਰ ਸੁਹੇਲ ਫੈਸਲਾਬਾਦ ਦੀਆਂ ਸਾਰੀਆਂ ਸੜਕਾਂ ਅਤੇ ਥਾਵਾਂ ਦਾ ਚੰਗਾ ਜਾਣੂੰ ਸੀ। ਉਹ ਕਈ ਸਾਲ ਪਾਕਿਸਤਾਨ ਦੇ ਟੂਰਿਜ਼ਮ ਵਿਭਾਗ ਨਾਲ ਜੁੜਿਆ ਰਿਹਾ ਸੀ ਅਤੇ ਪਾਕਿਸਤਾਨ ਆਉਣ ਵਾਲੇ ਟੂਰਿਸਟਾਂ ਨੂੰ ਪਾਕਿਸਤਾਨ ਦੇ ਵੱਖ-ਵੱਖ

ਸ਼ਹਿਰਾਂ, ਕਸਬਿਆਂ ਤੇ ਇਤਿਹਾਸਕ ਥਾਵਾਂ 'ਤੇ ਲਿਜਾਂਦਾ ਰਿਹਾ ਸੀ। ਉਸ ਨੇ ਗੱਡੀ ਸਿੱਧੀ ਯੂਨੀਵਰਸਿਟੀ ਦੇ ਗੇਟ ਦੇ ਅੱਗੇ ਜਾ ਕੇ ਹੀ ਰੋਕੀ। ਉੱਥੇ ਮੌਜੂਦ ਸੁਰਖਿਆ ਕਰਮਚਾਰੀਆਂ ਨੇ ਸਾਨੂੰ ਰੋਕ ਕੇ ਉੱਥੇ ਆਉਣ ਦਾ ਮਕਸਦ ਪੁੱਛਿਆ ਅਤੇ ਇਹ ਉਨ੍ਹਾਂ ਦੀ ਡਿਊਟੀ ਵੀ ਸੀ। ਜਦੋਂ ਅਸੀਂ ਦੱਸਿਆ ਕਿ ਅਸੀਂ ਇਹ ਯੂਨੀਵਰਸਿਟੀ ਵੇਖਣ ਆਏ ਹਾਂ ਤਾਂ ਉਨ੍ਹਾਂ ਬੜੇ ਅਦਬ ਨਾਲ ਸਾਨੂੰ ਅੱਗੇ ਜਾਣ ਦੀ ਇਜਾਜ਼ਤ ਦੇ ਦਿੱਤੀ। ਅੱਗੇ ਜਾ ਕੇ ਗੱਡੀ ਪਾਰਕਿੰਗ ਵਿੱਚ ਜਾ ਲਾਈ ਅਤੇ ਉੱਥੋਂ ਅੱਗੋਂ ਪੈਦਲ ਜਾਣਾ ਸੀ।

### ਯੂਨੀਵਰਸਿਟੀ ਆਫ਼ ਐਗਰੀਕਲਚਰ ਫੈਸਲਾਬਾਦ ਦਾ ਭੂਮੀ ਵਿਗਿਆਨ ਵਿਭਾਗ ਤੇ ਲਾਇਬ੍ਰੇਰੀ ਵੇਖੀ

ਪਤਨੀ ਜਗਦੀਸ਼ ਦੀ ਤਬੀਅਤ ਰਾਤ ਦੀ ਠੀਕ ਨਹੀਂ ਸੀ। ਦਰਅਸਲ, ਹਸਨ ਅਬਦਾਲ (ਪੰਜਾ ਸਾਹਿਬ) ਤੋਂ ਵਾਪਸ ਆਉਂਦਿਆਂ ਇੱਕ ਅਫ਼ਗਾਨੀ ਢਾਬੇ ਤੋਂ ਖਾਧਾ ਹੋਇਆ ਖਾਣਾ ਉਸ ਨੂੰ ਠੀਕ ਤਰ੍ਹਾਂ ਨਹੀਂ ਪਚਿਆ ਸੀ ਅਤੇ ਰਾਤ ਨੂੰ ਹੀ ਪੇਟ 'ਚ ਗੜਬੜ ਸ਼ੁਰੂ ਹੋ ਗਈ ਸੀ। ਉਸ ਨੂੰ ਠੀਕ ਕਰਨ ਲਈ ਉਸ ਨੇ ਨਾਲ ਲਿਆਂਦੀ ਹੋਈ ਦਵਾਈ ਦੀਆਂ ਦੋ ਗੋਲੀਆਂ ਵੀ ਲਈਆਂ ਸਨ ਪਰ ਫਿਰ ਵੀ ਉਸ ਨੂੰ ਰਾਤ ਨੂੰ ਕਈ 'ਲੂਜ਼-ਇਮੋਸ਼ਨਜ਼' ਆ ਗਈਆਂ ਸਨ ਅਤੇ ਸਰੀਰ ਨਿਢਾਲ ਜਿਹਾ ਹੋ ਗਿਆ ਸੀ। ਇਸ ਲਈ ਉਸ ਨੇ ਗੱਡੀ ਵਿੱਚ ਹੀ ਆਰਾਮ ਕਰਨਾ ਬੇਹਤਰ ਸਮਝਿਆ ਅਤੇ ਡਰਾਈਵਰ ਸੁਹੇਲ ਨੂੰ ਉਸ ਦੇ ਕੋਲ ਛੱਡ ਕੇ ਅਸੀਂ ਪੰਜੇ ਜਣੇ ਯੂਨੀਵਰਸਿਟੀ ਵੇਖਣ ਤੁਰ ਪਏ। ਸਾਡੀ ਮੁੱਖ ਦਿਲਚਸਪੀ ਯੂਨੀਵਰਸਿਟੀ ਦਾ ਭੂਮੀ ਵਿਗਿਆਨ ਵਿਭਾਗ (ਸਾਇਲ ਸਾਇੰਸ ਡਿਪਾਰਟਮੈਂਟ) ਅਤੇ ਲਾਇਬ੍ਰੇਰੀ ਵੇਖਣ ਦੀ ਸੀ ਜੋ ਕ੍ਰਮਵਾਰ ਸਾਡੇ ਦੋਹਾਂ (ਜੀਜਾ ਜੀ ਅਤੇ ਮੇਰੀ) ਦਿਲਚਸਪੀ ਦੇ ਵਿਭਾਗ ਸਨ।

ਅਸੀਂ ਸਿੱਧੇ ਸਾਇਲ ਡੀਪਾਰਟਮੈਂਟ ਵੱਲ ਗਏ ਅਤੇ ਉੱਥੇ ਜਾ ਕੇ ਵਿਭਾਗ ਦੇ ਮੁਖੀ ਨੂੰ ਮਿਲੇ। ਉਨ੍ਹਾਂ ਸਾਨੂੰ ਆਪਣੇ ਵਿਭਾਗ ਦਾ ਚੱਕਰ ਲਵਾਇਆ ਅਤੇ ਉਸ ਦੀਆਂ ਦੋ-ਤਿੰਨ ਲੈਬਾਰਟਰੀਆਂ ਵਿਖਾਈਆਂ। ਇਸ ਦੌਰਾਨ ਉਨ੍ਹਾਂ ਸਾਨੂੰ ਤਿੰਨ-ਚਾਰ ਭੂਮੀ-ਵਿਗਿਆਨੀਆਂ ਨਾਲ ਵੀ ਮਿਲਾਇਆ। ਉਨ੍ਹਾਂ ਵਿਗਿਆਨੀਆਂ ਦੇ ਨਾਂ ਤਾਂ ਹੁਣ ਇਸ ਵੇਲੇ ਯਾਦ ਨਹੀਂ ਆ ਰਹੇ, ਅਲਬੱਤਾ, ਉਦੋਂ ਇਹ ਪੂਰੀ ਤਰ੍ਹਾਂ ਯਾਦ ਹੋ ਗਏ ਸਨ।

ਅਜੋਕੇ ਸਮੇਂ ਵਿੱਚ ਕੰਪਿਊਟਰ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਹੋਇਆਂ ਵਿਭਾਗ ਦੇ ਨਾਂ ਦੇ ਨਾਲ ਕੰਪਿਊਟਰ ਇੰਜੀਨੀਅਰਿੰਗ ਵੀ ਜੁੜਿਆ ਹੋਇਆ ਸੀ ਅਤੇ ਇਸ ਦਾ ਨਾਂ 'ਸਾਇਲ ਸਾਇੰਸ ਐਂਡ ਕੰਪਿਓਟਰ ਇੰਜੀਨੀਅਰਿੰਗ' ਰੱਖਿਆ ਗਿਆ ਸੀ। ਯੂਨੀਵਰਸਿਟੀ ਦੀ ਇਸ ਇਮਾਰਤ ਵਿੱਚ ਹੋਰ ਵੀ ਕਈ ਵਿਭਾਗ ਸਨ ਪਰ ਉਨ੍ਹਾਂ ਨੂੰ ਵੇਖਣ ਜਾਣ ਲਈ ਸਾਡੇ ਕੋਲ ਸਮਾਂ ਨਹੀਂ ਸੀ।

'ਭੂਮੀ ਵਿਗਿਆਨ ਵਿਭਾਗ' ਤੋਂ ਵਾਪਸ ਆਉਂਦਿਆਂ ਯੂਨੀਵਰਸਿਟੀ ਦੀ ਲਾਇਬ੍ਰੇਰੀ ਵੇਖੀ। ਲਾਇਬ੍ਰੇਰੀ ਦੇ ਅੰਦਰ ਜਾ ਕੇ ਯੂਨੀਵਰਸਿਟੀ ਲਾਇਬ੍ਰੇਰੀਅਨ ਦੇ ਦਫ਼ਤਰ ਵਿੱਚ ਉਨ੍ਹਾਂ ਨੂੰ ਮਿਲੇ। ਸਾਡੇ ਨਾਲ ਲਾਇਬ੍ਰੇਰੀ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਲਾਇਬ੍ਰੇਰੀਅਨ ਸਾਹਿਬ ਦੱਸਿਆ ਕਿ ਖੇਤੀਬਾੜੀ ਯੂਨੀਵਰਸਿਟੀ ਹੋਣ ਕਾਰਨ ਇਸ ਵਿੱਚ ਬੇਸ਼ਕ ਖੇਤੀਬਾੜੀ ਨਾਲ ਸਬੰਧਿਤ ਪੁਸਤਕਾਂ ਅਤੇ ਖੋਜ-ਰਿਸਾਲੇ ਹੀ ਵਧੇਰੇ ਉਪਲੱਬਧ ਹਨ ਪਰ ਇਸ ਦੇ ਨਾਲ ਹੀ ਆਮ-ਵਾਕਫੀ ਅਤੇ ਸਾਂਝੀ ਦਿਲਚਸਪੀ ਦੀਆਂ ਪੁਸਤਕਾਂ ਤੇ ਰਿਸਾਲੇ ਵੀ ਇੱਥੇ ਕਾਫੀ ਗਿਣਤੀ ਵਿੱਚ ਹਨ। ਇਨ੍ਹਾਂ ਤੋਂ ਇਲਾਵਾ ਲਾਇਬ੍ਰੇਰੀ ਵਿੱਚ 'ਆਨ-ਲਾਈਨ' ਵੀ ਕਈ ਪੁਸਤਕਾਂ ਤੇ ਰਿਸਾਲੇ ਉਪਲੱਭਧ ਸਨ। ਉਨ੍ਹਾਂ ਨੇ ਸਾਨੂੰ ਲਾਇਬ੍ਰੇਰੀ ਦਾ ਰਾਊਂਡ ਲਵਾਇਆ ਅਤੇ ਚਾਹ ਦੀ ਸੁਲਾਹ ਵੀ ਮਾਰੀ ਪਰ ਅਸੀਂ ਇਸ ਦੇ ਲਈ ਮੁਆਫੀ ਮੰਗਦਿਆਂ ਹੋਇਆਂ ਕਿਹਾ ਕਿ ਅਸੀਂ ਉੱਥੋਂ ਜਲਦੀ ਜਾ ਕੇ ਸ਼ਹਿਰ ਦੀਆਂ ਹੋਰ ਦਿਲਚਸਪ ਥਾਵਾਂ ਅਜੇ ਵੇਖਣੀਆਂ ਹਨ ਅਤੇ ਸ਼ਾਮ ਨੂੰ ਲਾਹੌਰ ਵੀ ਜਲਦੀ ਪਹੁੰਚਣਾ ਹੈ।

### ਫੈਸਲਾਬਾਦ ਦਾ ਮਸ਼ਹੂਰ ਘੰਟਾ-ਘਰ ਚੌਂਕ ਵੇਖਿਆ

ਫੈਸਲਾਬਾਦ ਦੀ ਖੇਤੀਬਾੜੀ ਯੂਨੀਵਰਸਿਟੀ ਵੇਖਣ ਤੋਂ ਬਾਦ ਸਾਡਾ ਅਗਲਾ ਪੜਾਅ ਇੱਥੋਂ ਦਾ ਘੰਟਾ-ਘਰ ਵੇਖਣ ਦਾ ਸੀ। ਇਸ ਦਾ ਨਾਂ ਪਹਿਲਾਂ 'ਲਾਇਲਪੁਰ ਕਲਾਕ ਟਾਵਰ' ਸੀ ਅਤੇ ਹੁਣ ਇਸ ਨੂੰ 'ਫੈਸਲਾਬਾਦ ਕਲਾਕ ਟਾਵਰ' ਕਿਹਾ ਜਾਂਦਾ ਹੈ। ਇਹ ਪੁਰਾਣੇ ਲਾਇਲਪੁਰ ਦਾ ਸੱਭ ਤੋਂ ਪੁਰਾਣਾ 'ਮਾਨੂਮੈਂਟ' ਹੈ ਅਤੇ ਅੰਗਰੇਜ਼ੀ ਰਾਜ ਦੇ ਸਮੇਂ 1905 ਵਿੱਚ ਬਣੇ ਹੋਏ ਪਲੇਟਫਾਰਮ 'ਤੇ ਓਸੇ ਹੀ ਤਰ੍ਹਾਂ ਖੜਾ ਹੈ। ਇਸ ਨੂੰ ਇੱਥੇ ਬਨਾਉਣ ਦਾ ਫੈਸਲਾ ਝੰਗ ਜ਼ਿਲੇ ਦੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਸਰ ਜੇਮਜ਼ ਲਾਇਲ ਵੱਲੋਂ ਲਿਆ

ਗਿਆ ਸੀ। ਇਸ ਦਾ ਨੀਂਹ-ਪੱਥਰ 14 ਨਵੰਬਰ 1905 ਨੂੰ ਬ੍ਰਿਟਿਸ਼ ਰਾਜ ਦੇ ਪੰਜਾਬ ਸੂਬੇ ਦੇ ਲੈਫ਼ਟੀਨੈਂਟ ਗਵਰਨਰ ਸਰ ਚਾਰਲਸ ਰਿਵਾਜ਼ ਵੱਲੋਂ ਰੱਖਿਆ ਗਿਆ ਸੀ।

ਇਹ ਘੰਟਾ-ਘਰ ਫੈਸਲਾਬਾਦ ਸ਼ਹਿਰ ਦੇ ਐਨ ਸੈਂਟਰ ਵਿੱਚ ਹੈ ਅਤੇ ਇੱਥੋਂ ਅੱਠ ਬਾਜ਼ਾਰ ਵੱਖ-ਵੱਖ ਦਿਸ਼ਾਵਾਂ ਨੂੰ ਬਾਹਰ ਵੱਲ ਨਿਕਲਦੇ ਹਨ। ਇਸ ਤਰ੍ਹਾਂ ਇਹ ਮਹਿਜ਼ ਇੱਕ 'ਗੋਲ ਚੌਂਕ' ਨਾ ਹੋ ਕੇ ਅੱਠ ਵੱਖ-ਵੱਖ ਬਾਜ਼ਾਰਾਂ ਦਾ ਕੇਂਦਰ ਹੈ। ਚੋਣਾਂ ਦੇ ਸਮੇਂ ਇਹ ਪਾਕਿਸਤਾਨ ਦੀਆਂ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਦੀਆਂ ਸਰਗ਼ਰਮੀਆਂ ਦਾ ਕੇਂਦਰ ਵੀ ਬਣ ਜਾਂਦਾ ਹੈ। ਉਹ ਇੱਥੇ ਆਪਣੀਆਂ ਚੋਣ-ਰੈਲੀਆਂ ਕਰਦੀਆਂ ਹਨ ਅਤੇ ਫਿਰ ਆਪਣੇ ਵਰਕਰਾਂ ਤੇ ਵਾਲੰਟੀਅਰਾਂ ਨੂੰ ਲੈ ਕੇ ਇੱਥੋਂ ਜਲੂਸ ਦੀ ਸ਼ਕਲ ਵਿੱਚ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਕੇ ਆਪਣਾ ਚੋਣ-ਪ੍ਰਚਾਰ ਕਰਦੀਆਂ ਹਨ। ਇੱਥੇ ਹੋਰ ਵੀ ਕਈ ਕਿਸਮ ਦੇ ਰਾਜਨੀਤਕ ਅਤੇ ਰੋਸ-ਮੁਜ਼ਾਹਰੇ ਹੁੰਦੇ ਰਹਿੰਦੇ ਹਨ। ਇੱਥੋਂ ਹਰ ਸਾਲ ਮਸ਼ਹੂਰ 'ਈਦ ਮਿਲਾਦ ਨਬੀ ਧਾਰਮਿਕ ਮੇਲੇ' ਦੀ ਰੈਲੀ ਕੱਢੀ ਜਾਂਦੀ ਹੈ ਅਤੇ ਮੁਹੱਰਮ ਦਾ ਜਲੂਸ ਵੀ ਇੱਥੋਂ ਹੀ ਆਰੰਭ ਹੁੰਦਾ ਹੈ। ਇਸ ਘੰਟਾ-ਘਰ ਦੀ ਇੱਕ ਖਾਸੀਅਤ ਇਹ ਵੀ ਦੱਸੀ ਜਾਂਦੀ ਹੈ ਹੈ ਕਿ 1960'ਵਿਆਂ ਵਿੱਚ ਪਾਕਿਸਤਾਨ ਦੇ ਮਸ਼ਹੂਰ ਜੱਜ ਮੁਹੰਮਦ ਰੁਸਤਮ ਕਾਇਆਨੀ ਨੇ ਉਸ ਸਮੇਂ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਅਯੂਬ ਖਾਨ ਦੇ ਰਾਜ ਨੂੰ ਫੈਸਲਾਬਾਦ ਦੇ ਇਸ ਘੰਟਾ-ਘਰ ਦੀ ਉਚਾਈ ਦੇ ਨਾਲ ਵਡਿਆਇਆ ਸੀ। ਉਸ ਦਾ ਕਹਿਣਾ ਸੀ ਕਿ ਜਿਵੇਂ ਇਹ ਉੱਚਾ ਘੰਟਾ-ਘਰ ਸ਼ਹਿਰ ਵਿੱਚ ਦੂਰੋਂ ਹੀ ਵਿਖਾਈ ਦਿੰਦਾ ਹੈ, ਬਿਲਕੁਲ ਓਸੇ ਤਰ੍ਹਾਂ ਜਨਰਲ ਅਯੂਬ ਖਾਨ ਦਾ ਰਾਜ ਵੀ ਚਾਰ-ਚੁਫੇਰਿਉਂ ਦੂਰ-ਦੂਰ ਤੱਕ ਦਿਸਦਾ ਹੈ।

ਆਬਾਦੀ ਦੇ ਪੱਖੋਂ ਫੈਸਲਾਬਾਦ ਪਾਕਿਸਤਾਨ ਦਾ ਤੀਸਰਾ ਵੱਡਾ ਸ਼ਹਿਰ ਹੈ। 2017 ਦੀ ਮਰਦਮ-ਸ਼ੁਮਾਰੀ ਮੁਤਾਬਿਕ ਇਸ ਦੀ ਆਬਾਦੀ 32 ਲੱਖ ਸੀ। 1.49 ਕਰੋੜ ਦੀ ਜਨ-ਸੰਖਿਆ ਨਾਲ ਪਹਿਲਾ ਨੰਬਰ ਕਰਾਚੀ ਦਾ ਹੈ ਅਤੇ ਇਸ ਤੋਂ ਅੱਗੇ ਦੂਸਰਾ ਨੰਬਰ ਲਾਹੌਰ ਦਾ ਹੈ ਜਿਸ ਦੀ ਜਨ-ਸੰਖਿਆ 1.11 ਕਰੋੜ ਹੈ। ਹੈਰਾਨੀ ਦੀ ਗੱਲ ਹੈ ਕਿ ਇੱਕ ਸਦੀ ਪਹਿਲਾਂ ਲਾਇਲਪੁਰ ਸ਼ਹਿਰ ਦੀ ਕੋਈ ਹੋਂਦ ਨਹੀਂ ਸੀ ਅਤੇ 1839 ਵਿੱਚ ਮਹਾਂਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1849 ਵਿੱਚ ਜਦੋਂ ਅੰਗਰੇਜ਼ ਪੰਜਾਬ 'ਤੇ ਕਾਬਜ਼ ਹੋ ਗਏ ਤਾਂ ਉਨ੍ਹਾਂ ਵੱਲੋਂ ਇਸ ਇਲਾਕੇ ਵਿੱਚ 'ਬਾਰਾਂ' ਵਸਾਉਣ ਤੋਂ ਪਿੱਛੋਂ ਇਹ ਸ਼ਹਿਰ ਵਸਾਇਆ ਗਿਆ। ਇਸ ਤਰ੍ਹਾਂ ਇਸ ਦੀ ਗਿਣਤੀ ਪਾਕਿਸਤਾਨ ਦੇ ਅਜੋਕੇ ਨਵੇਂ ਸ਼ਹਿਰਾਂ ਵਿੱਚ ਆਉਂਦੀ ਹੈ। 1979 ਵਿੱਚ ਇਸ ਦਾ ਨਾਂ ਬਦਲ ਕੇ ਅਜੋਕਾ ਨਾਂ 'ਫੈਸਲਾਬਾਦ' ਕਰ ਦਿੱਤਾ ਗਿਆ।

ਫੈਸਲਾਬਾਦ ਦੇ ਘੰਟਾ-ਘਰ ਚੌਂਕ ਵਿੱਚ ਪਹੁੰਚ ਕੇ ਅਸੀਂ ਇਸ ਦੇ ਦੋ ਬਾਜ਼ਾਰਾਂ ਦਾ ਛੋਟਾ ਜਿਹਾ ਚੱਕਰ ਲਾਇਆ। ਇੱਕ ਦੁਕਾਨ ਤੋਂ ਆਈਸ-ਕਰੀਮ ਖਾਧੀ। ਫੈਸਲਾਬਾਦ ਦੇ ਪੰਜਾਬੀਆਂ ਨੇ ਸਾਨੂੰ ਲਾਗਲੀ ਦੁਕਾਨ ਤੋਂ ਲੱਸੀ ਪੀਣ ਦੀ ਸੁਲਾਹ ਮਾਰੀ ਪਰ ਅਸੀਂ ਇਹ ਕਹਿੰਦਿਆਂ ਹੋਇਆਂ ਉਨ੍ਹਾਂ ਦਾ ਧੰਨਵਾਦ ਕਰ ਦਿੱਤਾ ਕਿ ਅਸੀਂ ਹੁਣੇ ਹੀ ਆਈਸ- ਕਰੀਮ ਖਾ ਕੇ ਹਟੇ ਹਾਂ। ਤਬੀਅਤ ਠੀਕ ਨਾ ਹੋਣ ਕਰਕੇ ਪਤਨੀ ਜਗਦੀਸ਼ ਦਾ ਆਈਸ-ਕਰੀਮ ਖਾਣ ਨੂੰ ਮਨ ਨਹੀਂ ਕਰ ਰਿਹਾ ਸੀ ਅਤੇ ਉਸ ਨੇ ਕੇਲੇ ਖਾਣ ਦੀ ਇੱਛਾ ਜ਼ਾਹਿਰ ਕੀਤੀ ਪਰ ਕੇਲੇ ਸਾਨੂੰ ਨੇੜੇ-ਤੇੜੇ ਕਿਧਰੇ ਵੀ ਦਿਖਾਈ ਨਾ ਦਿੱਤੇ। ਇਸ ਦੇ ਲਈ ਮੈਂ ਕੁਝ ਦੂਰ ਵਾਲੀਆਂ ਦੁਕਾਨਾਂ ਦਾ ਵੀ ਗੇੜਾ ਲਗਾ ਕੇ ਆਇਆ ਪਰ ਇਹ ਮੈਨੂੰ ਕਿਤਿਉਂ ਨਾ ਮਿਲੇ। ਇਸ ਦੇ ਬਾਰੇ ਅਸੀਂ ਆਪਸ ਵਿੱਚ ਗੱਲ ਕਰ ਰਹੇ ਸੀ ਕਿ ਇੱਕ ਨੌਜੁਆਨ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ ਕਿ ਇਹ ਇੱਥੋਂ ਨਹੀਂ ਮਿਲਣੇ, ਮੈਂ ਤੁਹਾਨੂੰ ਲਿਆ ਦਿੰਦਾ ਹਾਂ। ਉਸ ਨੇ ਆਪਣੇ ਮੋਟਰਸਾਈਕਲ ਨੂੰ ਕਿੱਕ ਮਾਰੀ ਅਤੇ ਦਸਾਂ ਕੁ ਮਿੰਟਾਂ ਵਿੱਚ ਕੇਲਿਆਂ ਦਾ ਇੱਕ ਵੱਡਾ ਸਾਰਾ ਗੁੱਛਾ ਲੈ ਆਇਆ ਜਿਸ ਵਿੱਚ ਦਰਜਨ ਤੋਂ ਵੀ ਵਧੇਰੇ ਕੇਲੇ ਸਨ। ਉਸ ਨੂੰ ਪੈਸੇ ਦੇਣ ਲਈ ਮੈਂ ਪੈਂਟ ਵਿੱਚੋਂ ਬਟੂਆ ਕੱਢ ਕੇ ਉਸ ਨੂੰ ਪੈਸੇ ਦੇਣ ਲੱਗਾ ਤਾਂ ਉਹ ਮੇਰਾ ਹੱਥ ਆਪਣੇ ਹੱਥ ਨਾਲ ਪਿੱਛੇ ਕਰਦਿਆਂ ਕਹਿਣ ਲੱਗਾ, "ਰਹਿਣ ਦਿਓ, ਸਰਦਾਰ ਜੀ, ਤੁਸੀਂ ਸਾਡੇ ਮਹਿਮਾਨ ਹੋ।" ਇੱਕ ਹੋਰ ਬਾਜ਼ਾਰ ਵਿੱਚ ਥੋੜ੍ਹਾ ਜਿਹਾ ਹੋਰ ਘੁੰਮ ਕੇ ਅਸੀਂ ਲਾਹੌਰ ਨੂੰ ਵਾਪਸੀ ਕਰਨ ਬਾਰੇ ਸੋਚਿਆ। ਦਰਅਸਲ, ਮੈਡਮ ਜਗਦੀਸ਼ ਨੂੰ ਆਰਾਮ ਦੀ ਜ਼ਰੂਰਤ ਸੀ। ਰਸਤੇ ਵਿੱਚ ਇੱਕ ਥਾਂ 'ਤੇ ਚਾਹ-ਪਾਣੀ ਛਕਿਆ ਪੀਤੀ ਅਤੇ ਲਾਹੌਰ ਨੂੰ ਵਾਪਸੀ ਪਾ ਲਈ। ਸ਼ਾਮ ਦੇ ਛੇ ਕੁ ਵਜੇ ਲਾਹੌਰ ਪਹੁੰਚੇ।

### ਮੈਡਮ ਨੂੰ ਹਸਪਤਾਲ ਲਿਜਾਣ ਦੀ ਲੋੜ ਮਹਿਸੂਸ ਹੋਈ

ਹੋਟਲ ਵਿੱਚ ਵਾਪਸ ਪਹੁੰਚ ਕੇ ਅਜੇ ਅਸੀਂ ਕਿਸੇ ਚੰਗੇ ਜਿਹੇ ਡਾਕਟਰ ਕੋਲੋਂ ਦਵਾਈ ਲੈਣ ਬਾਰੇ ਸੋਚ ਹੀ ਰਹੇ ਸੀ ਕਿ ਸੁਹੇਲ ਕਹਿਣ ਲੱਗੇ, "ਮੈਡਮ ਹੁਰਾਂ ਨੂੰ ਹਸਪਤਾਲ ਲੈ ਚੱਲੀਏ ਅਤੇ ਉੱਥੇ ਜਾ ਕੇ ਡਰਿੱਪ ਲਵਾਈਏ। ਮੈਨੂੰ ਤਾਂ ਇਹ 'ਡਾਇਰੀਏ' ਵਾਲੀ ਹਾਲਤ ਹੋ ਗਈ ਜਾਪਦੀ ਹੈ ਅਤੇ ਤੁਹਾਡੀ ਕੱਲ੍ਹ ਨੂੰ ਵਾਪਸੀ ਵੀ ਹੈ। ਛੋਟੀ-ਮੋਟੀ ਦਵਾਈ ਦੇ ਨਾਲ ਜਲਦੀ ਆਰਾਮ ਨਹੀਂ ਆਉਣ ਲੱਗਾ।" ਸੁਹੇਲ ਦੇ ਇਸ ਮਸ਼ਵਰੇ 'ਤੇ ਮੈਂ ਅਤੇ ਜਗਦੀਸ਼ ਉਸ ਦੇ ਨਾਲ ਲਾਹੌਰ ਦੇ 'ਨੂਰ ਹਸਪਤਾਲ' ਪਹੁੰਚੇ ਜੋ ਉਸ ਦੇ ਘਰ ਦੇ ਨਜ਼ਦੀਕ ਹੀ ਪੈਂਦਾ ਸੀ ਅਤੇ ਉਸ ਦਾ ਮਾਲਕ ਡਾਕਟਰ ਮੁਹੰਮਦ ਰਫੀਕ ਉਸ ਦਾ ਚੰਗਾ ਜਾਣਕਾਰ ਸੀ। ਗੱਡੀ ਪਾਰਕਿੰਗ ਵਿੱਚ ਲਗਾ ਕੇ ਜਾਂਦਿਆਂ ਹੀ ਸੁਹੇਲ ਨੇ ਕਾਊਂਟਰ ਤੋਂ ਦਾਖ਼ਲਾ ਫੀਸ 300 ਰੁਪਏ ਦੀ 'ਆਊਟ ਡੋਰ ਪੇਸ਼ੈਂਟ' ਪਰਚੀ ਕਟਾਈ ਅਤੇ ਅਸੀਂ ਸਿੱਧੇ ਡਾਕਟਰ ਕੋਲ ਚਲੇ ਗਏ। ਸੁਹੇਲ ਨੇ ਡਾਕਟਰ ਸਾਹਿਬ ਨੂੰ ਦੱਸਿਆ ਕਿ ਇਹ ਮੇਰੇ ਮਹਿਮਾਨ ਕੈਨੇਡਾ ਤੋਂ ਆਏ ਹਨ ਅਤੇ ਮੈਡਮ ਹੁਰਾਂ ਦੀ ਤਬੀਅਤ ਰਾਤ ਤੋਂ ਖ਼ਰਾਬ ਚੱਲ ਰਹੀ ਹੈ। ਜਦੋਂ ਉਨ੍ਹਾਂ ਉਲਟੀਆਂ ਤੇ ਲੂਜ਼-ਇਮੋਸ਼ਨਜ਼ ਦੀ ਗੱਲ ਦੱਸੀ ਤਾਂ ਡਾਕਟਰ ਸਾਹਿਬ ਓਸੇ ਵੇਲੇ ਸਮਝ ਗਏ ਕਿ ਇਹ ਡਾਇਰੀਆ ਦਾ ਕੇਸ ਹੈ। ਉਨ੍ਹਾਂ ਇਕ ਨਰਸ ਨੂੰ ਨਾਲ ਵਾਲੇ ਕੈਬਿਨ ਵਿੱਚ ਫਟਾਫਟ ਡਰਿੱਪ ਲਗਾਉਣ ਲਈ ਕਿਹਾ ਅਤੇ ਦੂਸਰੀ ਨੂੰ ਪਰਚੀ ਦੇ ਕੇ ਫੀਸ ਵਾਲੇ ਪੈਸੇ ਵਾਪਸ ਲਿਆਉਣ ਲਈ ਕਹਿ ਦਿੱਤਾ। ਅਸੀਂ ਉਨ੍ਹਾਂ ਨੂੰ ਬਥੇਰਾ ਕਿਹਾ ਕਿ ਪਰਚੀ ਦੇ ਇਹ ਪੈਸੇ ਰੱਖ ਲਓ ਪਰ ਉਹ ਅੱਗੋਂ ਕਹਿਣ ਲੱਗੇ, "ਤੁਸੀਂ ਸਾਡੇ ਮਹਿਮਾਨ ਹੋ ਅਤੇ ਮੈਂ ਮਹਿਮਾਨਾਂ ਕੋਲੋਂ ਫੀਸ ਕਿਵੇਂ ਲੈ ਸਕਦਾ ਹਾਂ।" ਹੋਰ ਤਾਂ ਹੋਰ ਉਨ੍ਹਾਂ ਨੇ ਸਾਡੇ ਕੋਲੋਂ ਦਵਾਈ ਦੇ ਵੀ ਕੋਈ ਪੈਸੇ ਨਾ ਲਏ। ਡਰਿੱਪ ਦੀਆਂ ਵਾਰੋ-ਵਾਰੀ ਤਿੰਨ ਬੋਤਲਾਂ ਲੱਗੀਆਂ ਅਤੇ ਇਸ ਦੇ ਲਈ ਸਾਨੂੰ ਉੱਥੇ ਹਸਪਤਾਲ ਵਿੱਚ ਦੋ ਘੰਟੇ ਤੋਂ ਵੀ ਵਧੇਰੇ ਸਮਾਂ ਲੱਗ ਗਿਆ।

ਹਸਪਤਾਲ ਜਾਂਦੇ ਸਮੇਂ ਸੁਹੇਲ ਨੇ ਆਪਣੀ ਬੇਗ਼ਮ ਸਾਹਿਬਾਂ ਨੂੰ 'ਮਹਿਮਾਨ ਮਰੀਜ਼' ਦੇ ਲਈ ਖਿਚੜੀ ਬਨਾਉਣ ਲਈ ਫੋਨ ਕਰ ਦਿੱਤਾ ਸੀ। ਹਸਪਤਾਲੋਂ ਵਿਹਲੇ ਹੋ ਕੇ ਅਸੀਂ ਸੁਹੇਲ ਦੇ ਘਰ ਨੂੰ ਚੱਲ ਪਏ। ਉਸ ਨੇ ਰਾਹ ਵਿੱਚੋਂ ਹੀ ਆਪਣੀ ਬੇਗ਼ਮ ਨੂੰ ਫੋਨ ਕਰ ਦਿੱਤਾ ਕਿ ਖਿਚੜੀ ਵਾਲਾ ਬਰਤਨ ਲੈ ਕੇ ਉਹ ਗੇਟ 'ਤੇ ਖਲੋਣ, ਕਿਉਂਕਿ ਅਸੀਂ ਹੋਟਲ ਵਾਪਸ ਜਲਦੀ ਪਹੁੰਚਣਾ ਚਾਹੁੰਦੇ ਸੀ। ਸਾਡੇ ਉੱਥੇ ਪਹੁੰਚਣ 'ਤੇ ਉਹ ਆਪਣੀ ਧੀ ਦੇ ਨਾਲ ਘਰ ਦੇ ਗੇਟ ਵਿੱਚ ਖੜੀ ਸਾਡੀ ਉਡੀਕ ਕਰ ਰਹੀ ਸੀ।

### 'ਅਲਬੇਲਾ ਤੇ ਗੋਗਾ ਜੋੜੀ' ਨਾਲ ਡਿਨਰ ਅਤੇ ਇੰਟਰਵਿਊ

ਉਸ ਦਿਨ ਸ਼ਾਮ ਨੂੰ ਅਸੀਂ ਲਾਹੌਰ ਦੇ ਮਸ਼ਹੂਰ ਹਾਸਰਸ-ਕਲਾਕਾਰਾਂ ਸਲੀਮ ਅਲਬੇਲਾ ਤੇ ਗੋਗਾ ਪਸਰੂਰੀ ਨੂੰ ਖਾਣੇ 'ਤੇ ਬੁਲਾਇਆ ਹੋਇਆ ਸੀ ਅਤੇ ਬਾਅਦ ਵਿੱਚ ਭੈਣ ਗੁਰਚਰਨ ਨੇ ਉਨ੍ਹਾਂ ਦੋਹਾਂ ਨਾਲ ਇੰਟਰਵਿਊ ਵੀ ਕਰਨੀ ਸੀ। ਦੋਹਾਂ ਕਲਾਕਾਰਾਂ ਦੀ ਇਹ ਜੋੜੀ ਲਹਿੰਦੇ ਪੰਜਾਬ ਵਿੱਚ 'ਸਲੀਮ ਤੇ ਗੋਗਾ ਜੋੜੀ' ਦੇ ਨਾਂ ਨਾਲ ਮਸ਼ਹੂਰ ਹੈ। ਯੂਟਿਊਬ 'ਤੇ ਸਲੀਮ ਅਲਬੇਲਾ ਦਾ ਆਪਣਾ ਚੈਨਲ ਹੈ ਅਤੇ ਉਹ ਆਪਣੀਆਂ ਵੀਡੀਓਜ਼ ਇਸ ਚੈਨਲ ਉੱਪਰ ਅਕਸਰ ਪਾਉਂਦਾ ਰਹਿੰਦਾ ਹੈ। ਲੋਕਾਂ ਵੱਲੋਂ ਇਨ੍ਹਾਂ ਵੀਡੀਓਜ਼ ਨੂੰ ਕਾਫੀ ਪਸੰਦ ਕੀਤਾ ਜਾਂਦਾ ਹੈ। ਹਸਪਤਾਲੋਂ ਵਾਪਸ ਆਉਂਦਿਆਂ ਅਸੀਂ ਕੁਝ ਲੇਟ ਹੋ ਗਏ ਸੀ ਅਤੇ ਸਾਡੇ ਉੱਥੇ ਪਹੁੰਚਦਿਆਂ ਨੂੰ ਉਹ ਹੋਟਲ ਵਿੱਚ ਅਹਿਮਦ ਰਜ਼ਾ, ਸੁਖਵਿੰਦਰ ਤੇ ਗੁਰਚਰਨ ਦੇ ਨਾਲ ਖਾਣਾ ਖਾ ਰਹੇ ਸਨ। ਜਗਦੀਸ਼ ਨੇ ਤਾਂ ਸੁਹੇਲ ਵੱਲੋਂ ਲਿਆਂਦੀ ਗਈ ਖਿਚੜੀ ਹੀ ਖਾਣੀ ਸੀ ਅਤੇ ਮੈਂ ਉਸ ਨੂੰ ਕਮਰੇ ਵਿੱਚ ਛੱਡ ਆਇਆ। ਹੇਠਾਂ ਵਾਪਸ ਆ ਕੇ ਮੈਂ ਤੇ ਸੁਹੇਲ ਵੀ ਉਨ੍ਹਾਂ ਦੇ ਨਾਲ ਖਾਣੇ ਵਿੱਚ ਸ਼ਾਮਲ ਹੋ ਗਏ। ਖਾਣੇ ਤੋਂ ਵਿਹਲੇ ਹੋ ਕੇ ਅਸੀਂ ਹੋਟਲ ਦੀ ਲਾਬੀ ਵਿੱਚ ਆ ਗਏ ਅਤੇ ਉੱਥੇ ਸਜੇ ਹੋਏ ਦੋ ਸੋਫਿਆਂ 'ਤੇ ਸੱਜ ਗਏ। ਅਹਿਮਦ ਰਜ਼ਾ ਵੱਲੋਂ ਸਲੀਮ ਅਲਬੇਲਾ ਤੇ ਉਸ ਦੇ ਸਾਥੀ ਗੋਗਾ ਨੂੰ ਇੱਕ ਸੋਫੇ 'ਤੇ ਬੈਠਣ ਲਈ ਕਿਹਾ ਗਿਆ ਅਤੇ ਉਨ੍ਹਾਂ ਦੋਹਾਂ ਦੇ ਵਿਚਕਾਰ ਬੈਠ ਕੇ ਗੁਰਚਰਨ ਨੇ ਉਨ੍ਹਾਂ ਨਾਲ ਇੰਟਰਵਿਊ ਸ਼ੁਰੂ ਕਰ ਦਿੱਤੀ। ਫੈਸਲ ਨੇ ਆਪਣੇ ਕੈਮਰੇ ਨੂੰ ਬਾਕਾਇਦਾ ਤਿਪਾਈ 'ਤੇ ਟਿਕਾਇਆ ਹੋਇਆ ਸੀ ਅਤੇ ਉਹ ਇਸ ਉੱਪਰ ਬਰਾਬਰ ਨਜ਼ਰ ਰੱਖ ਰਿਹਾ ਸੀ। ਇੰਟਰਵਿਊ ਵਿਚ ਗੁਰਚਰਨ ਵੱਲੋਂ ਉਨ੍ਹਾਂ ਦੋਹਾਂ ਦੇ ਪਰਿਵਾਰਕ ਪਿਛੋਕੜ ਅਤੇ ਕਾਮੇਡੀ-ਕਲਾ ਵਿੱਚ ਆਉਣ ਬਾਰੇ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਹਾਸਿਆਂ ਅਤੇ ਕਿਲਕਾਰੀਆਂ ਭਰੀ ਆਵਾਜ਼ ਵਿਚ ਦਿੱਤੇ ਗਏ। ਇੰਟਰਵਿਊ ਦੇ ਅਖੀਰ ਵੱਲ ਵੱਧਦਿਆਂ ਗੁਰਚਰਨ ਨੇ ਉਨ੍ਹਾਂ ਨੂੰ ਆਪਣੀ ਕਿਸੇ ਛੋਟੀ ਜਿਹੀ ਸਕਿੱਟ ਦਾ ਨਮੂੰਨਾ ਪੇਸ਼ ਕਰਨ ਲਈ ਕਿਹਾ ਅਤੇ ਉਨ੍ਹਾਂ ਨੇ ਦੋ ਕੁ ਮਿੰਟ ਦੀ ਆਪਣੀ ਸਕਿੱਟ ਵਿੱਚ ਸਾਨੂੰ ਨੇੜੇ ਬੈਠਿਆਂ ਨੂੰ ਉੱਚੀ-ਉੱਚੀ ਹੱਸਣ ਲਈ ਮਜਬੂਰ ਕਰ ਦਿੱਤਾ। ਹੋ ਸਕਦਾ ਹੈ ਕਿ ਸਾਡੇ ਉਸ ਹਾਸੇ ਦੀ ਆਵਾਜ਼ ਫੈਸਲ ਦੇ ਕੈਮਰੇ ਵਿੱਚ ਵੀ ਆ ਗਈ ਹੋਵੇ। ਰਾਤ ਦੇ ਗਿਆਰਾਂ ਵੱਜ ਰਹੇ ਸਨ। ਸਲੀਮ ਅਲਬੇਲਾ ਤੇ ਉਸ ਦੇ ਸਾਥੀ ਗੋਗਾ ਨੇ ਸਾਡੇ ਕੋਲੋਂ ਵਿਦਾ ਲਈ ਅਤੇ ਅਸੀਂ ਵੀ ਰਜ਼ਾ, ਸੁਹੇਲ ਅਤੇ ਫੈਸਲ ਹੁਰਾਂ ਨੂੰ 'ਗੁੱਡ-ਨਾਈਟ' ਕਹਿੰਦੇ ਹੋਏ ਹੋਟਲ ਦੀ ਨੌਂਵੀਂ ਮੰਜ਼ਲ 'ਤੇ ਸਥਿਤ ਆਪਣੇ ਕਮਰਿਆਂ ਵੱਲ ਚੱਲ ਪਏ।

## ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ ਮੈਂਬਰਾਂ ਨੇ ਕੀਤਾ ਕਾਲਿੰਗਵੁੱਡ ਦੀ ਬੀਚ 'ਤੇ ਯੋਗਾ



ਬਰੈਂਪਟਨ, (ਡਾ. ਝੰਡ) -ਲੰਘੇ ਸ਼ਨੀਵਾਰ 15 ਜੁਲਾਈ ਨੂੰ 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਦੇ ਮੈਂਬਰਾਂ ਨੇ ਬਲੂ ਮਾਊਂਨਟੇਨ ਤੇ ਕਾਲਿੰਗਵੁੱਡ ਦੇ ਰਮਣੀਕ ਸਥਾਨਾਂ ਦਾ ਟੂਰ ਲਗਾਇਆ ਅਤੇ ਉਨ੍ਹਾਂ ਵੱਲੋਂ ਯੋਗਾ ਦੀ ਅਧਿਆਪਕ ਅਨੁਜਾ ਦੀ ਅਗਵਾਈ ਹੇਠ ਕਾਲਿੰਗਵੁੱਡ ਦੀ ਬੀਚ 'ਤੇ ਯੋਗਾ ਦਾ ਅਭਿਆਸ ਕੀਤਾ ਗਿਆ। ਇਸ ਪ੍ਰਕਿਰਿਆ ਨੂੰ ਉਨ੍ਹਾਂ ਵੱਲੋਂ "ਯੋਗਾ ਔਨ 'ਦ ਬੀਚ" ਦਾ ਨਾਂ ਦਿੱਤਾ ਗਿਆ ਅਤੇ ਇਹ ਉਨ੍ਹਾਂ ਲਈ ਬਿਲਕੁਲ ਨਵਾਂ, ਵੱਖਰਾ ਅਤੇ ਮਨੋਰੰਜਕ ਤਜਰਬਾ ਸੀ। ਕਾਲਿੰਗਵੁੱਡ ਦੀ 'ਸਨ-ਪੁਆਇੰਟ ਬੀਚ' ਦੇ ਕੁਦਰਤੀ ਸੁਹੱਪਣ ਨੇ ਇਸ ਨੂੰ ਹੋਰ ਵੀ ਚਾਰ ਚੰਨ ਲਾਏ। ਯੋਗਾ ਦੀ ਮੁਹਾਰਤ ਦੇ ਪਿਛੋਕੜ ਸਦਕਾ ਅਨੁਜਾ ਨੇ ਯੋਗਾ ਦੇ ਵੱਖ-ਵੱਖ ਆਸਣਾਂ ਅਤੇ ਸਾਹ ਲੈਣ ਦੀਆਂ ਕਿਰਿਆਵਾਂ ਦੀ ਖ਼ੂਬਸੂਰਤ ਪ੍ਰਦਰਸ਼ਨੀ ਕੀਤੀ ਅਤੇ ਇਸ ਦਾ ਅਭਿਆਸ ਕਲੱਬ ਦੇ ਮੈਂਬਰਾਂ ਨੂੰ ਕਰਵਾਇਆ। ਇਸ ਨਾਲ ਤਨ, ਮਨ ਅਤੇ ਆਤਮਾ ਦੀ ਸ਼ੁੱਧੀ ਤੇ ਇਕਸੁਰਤਾ ਵਿੱਚ ਢੇਰ ਸਾਰਾ ਵਾਧਾ ਹੁੰਦਾ ਹੈ।

ਇੱਥੇ ਉਨ੍ਹਾਂ ਨੇ ਸਾਵਣ ਮਹੀਨੇ ਨਾਲ ਸਬੰਧਿਤ ਬੋਲੀਆਂ ਪਾ ਕੇ ਖ਼ੂਬ ਗਿੱਧਾ ਤੇ ਭੰਗੜਾ ਪਾਇਆ, ਗਰਬਾ ਡਾਂਸ ਕੀਤਾ ਅਤੇ ਗੱਪਸ਼ੱਪ ਲਗਾ ਕੇ ਮਨਾਂ ਦੇ ਵਲਵਲੇ ਸਾਂਝੇ ਕੀਤੇ। ਮਨੋਰੰਜਨ ਦਾ ਇਹ ਸੈਸ਼ਨ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੀਆਂ ਸਭਿਆਚਾਰਕ ਸਰਗ਼ਰਮੀਆਂ ਅਤੇ ਇਸ ਦੇ ਮੈਂਬਰਾਂ ਦੇ ਛੁਪੇ ਹੋਏ ਟੇਲੈਂਟ ਦਾ ਖ਼ੂਬਸੂਰਤ ਮੁਜ਼ਾਹਰਾ ਸੀ ਜਿਸ ਦਾ ਹਰੇਕ ਨੇ ਖ਼ੂਬ ਅਨੰਦ ਲਿਆ। ਇਸ ਟੂਰ ਦੀ ਸਮਾਪਤੀ ਬਲੂ ਮਾਊਂਟੇਨ ਪਿੰਡ ਵਿੱਚ ਜਾ ਕੇ ਹੋਈ ਜਿੱਥੇ ਸਾਰੇ ਮੈਂਬਰਾਂ ਨੇ ਰਾਈਡਾਂ ਅਤੇ ਸੈਰ ਦਾ ਖ਼ੂਬ ਲੁਤਫ਼ ਲਿਆ। ਇਸ ਦੌਰਾਨ ਮੈਂਬਰਾਂ ਨੇ ਖ਼ੂਬਸੂਰਤ ਕੁਦਰਤੀ ਨਜ਼ਾਰਿਆਂ ਅਤੇ ਮਹੱਤਵਪੂਰਨ ਕਿਰਿਆਵਾਂ ਨੂੰ ਆਪਣੇ ਕੈਮਰਿਆਂ ਵਿਚ ਵੀ ਕੈਦ ਕੀਤਾ ਤਾਂ ਜੋ ਭਵਿੱਖ ਵਿੱਚ ਇਨ੍ਹਾਂ ਦੀ ਅਭੁੱਲ ਯਾਦ ਬਣੀ ਰਹੇ। ਜ਼ਿਕਰਯੋਗ ਹੈ ਕਿ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਬਰੈਂਪਟਨ ਦੀ ਔਰਤਾਂ ਦੀ ਸਿਰਕੱਢ ਸਮਾਜਿਕ ਕਲੱਬ ਹੈ ਜੋ ਔਰਤਾਂ ਦੀ ਅਗਵਾਈ ਵਿੱਚ ਬਾਖ਼ੂਬੀ ਚੱਲ ਰਹੀ ਹੈ। ਇਸ ਦੇ ਫ਼ੈਸਲੇ ਉਨ੍ਹਾਂ ਵੱਲੋਂ ਸਮੂਹਿਕ ਰੂਪ ਵਿੱਚ ਸਰਬਸੰਮਤੀ ਨਾਲ ਲਏ ਜਾਂਦੇ ਹਨ ਅਤੇ ਇਸ ਵਿੱਚ ਉਹ ਪਰਿਵਾਰਿਕ, ਵਿੱਤੀ ਅਤੇ ਸਿਹਤ ਨਾਲ ਸਬੰਧਿਤ ਮਸਲੇ ਸਾਂਝੇ ਕਰਦੀਆਂ ਹਨ ਅਤੇ ਉਨ੍ਹਾਂ ਦਾ ਹੱਲ ਲੱਭਣ ਦੇ ਯਤਨ ਵੀ ਕਰਦੀਆਂ ਹਨ। ਆਪਣੀਆਂ ਮੀਟਿੰਗਾਂ ਵਿੱਚ ਉਹ ਔਰਤਾਂ ਨੂੰ ਸਮਾਜ ਵਿੱਚ ਬਣਦਾ ਸਹੀ ਸਥਾਨ ਅਤੇ ਸ਼ਕਤੀਆਂ ਦੇਣ ਦੀ ਗੱਲ ਵੀ ਕਰਦੀਆਂ ਹਨ।

ਟੂਰ ਦੀ ਸਮਾਪਤੀ 'ਤੇ ਆਪਣਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਇਸ ਕਲੱਬ ਦੀ ਸਰਗ਼ਰਮ ਮੈਂਬਰ ਜਸਵਿੰਦਰ ਕੌਰ ਨੇ ਕਿਹਾ, "ਮੈਨੂੰ ਬੜੀ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਇਸ ਟੂਰ ਦੌਰਾਨ ਅਸੀਂ ਆਪਣੇ ਮੈਂਬਰਾਂ ਨੂੰ ਮਨੋਰੰਜਨ ਦੇ ਨਾਲ ਨਾਲ ਸਿਹਤ ਸਬੰਧੀ ਜਾਗਰੂਕਤਾ ਅਤੇ ਸਭਿਆਚਾਰਕ ਵਟਾਂਦਰੇ ਦਾ ਖ਼ੂਬਸੂਰਤ ਸੁਨੇਹਾ ਦੇਣ ਵਿੱਚ ਸਫ਼ਲ ਹੋਈਆਂ ਹਾਂ। "ਯੋਗਾ ਔਨ 'ਦ ਬੀਚ" ਪ੍ਰੋਗਰਾਮ ਮੈਂਬਰਾਂ ਨੂੰ ਕੁਦਰਤ ਨਾਲ ਜੁੜਨ ਅਤੇ ਉਸ ਦੇ ਨਾਲ ਮੂਕ ਸੰਵਾਦ ਰਚਾਉਣ ਵਿੱਚ ਬੇਹੱਦ ਕਾਮਯਾਬ ਹੋਇਆ ਹੈ। ਅਸੀਂ ਯੋਗਾ ਟੀਚਰ ਅਨੁਜਾ ਅਤੇ ਸਮੂਹ ਮੈਂਬਰਾਂ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਟੂਰ ਯਾਦਗਾਰੀ ਹੋ ਨਿਬੜਿਆ ਹੈ।"

## ਜ਼ਿਲ੍ਹਾ ਫਿਰੋਜ਼ਪੁਰ ਨਿਵਾਸੀਆਂ ਦੀ ਅਠਾਰਵੀਂ ਪਿਕਨਿਕ ਦੀ ਤਿਆਰੀ ਸ਼ੁਰੂ

(ਬਰੈਂਪਟਨ/ ਬਾਸੀ ਹਰਚੰਦ) ਜ਼ਿਲਾ ਫਿਰੋਜ਼ਪੁਰ ਨਿਵਾਸੀਆਂ ਨੂੰ ਖੁਸ਼ ਖਬਰੀ ਦਿਤੀ ਜਾਂਦੀ ਹੈ ਕਿ ਤੁਹਾਡੇ ਮਨੋਰੰਜਨ ਲਈ ਹਰ ਸਾਲ ਦੀ ਤਰ੍ਹਾਂ ਅਠਾਰਵੀਂ ਪਿਕਨਿਕ ਹੋਵੇਗੀ।

ਪਿਕਨਿਕ 20 ਅਗਸਤ ਦਿਨ ਐਤਵਾਰ ਨੂੰ ਕੂਈਨ/ ਬਰਿੰਮਲੀ ਇੰਟਰਸੈਕਸ਼ਨ ਤੇ ਸਥਿਤ ਚਿੰਕੂਜੀ ਪਾਰਕ ਏਰੀਆ- 3 ਵਿੱਚ 10- ਵਜੇ ਤੋਂ 5-00 ਵਜੇ ਤੱਕ ਹੋਵੇਗੀ। ਜ਼ਿਲਾ ਫਿਰੋਜ਼ਪੁਰ ਦੀ ਕਲਚਰਲ ਐਂਡ ਸਪੋਰਟਸ ਕਲੱਬ ਕਮੇਟੀ ਦੀਆਂ ਮੀਟਿੰਗਾ ਪਿਕਨਿਕ ਦੀ ਤਿਆਰੀ ਲਈ ਜ਼ੋਰ ਸ਼ੋਰ ਨਾਲ ਚੱਲ ਰਹੀਆਂ ਹਨ। ਲੱਗ ਪੱਗ ਸੱਭ ਪਰਬੰਧ ਹਰ ਪੱਖੋਂ ਮੁਕੰਮਲ ਕਰ ਲਏ ਗਏ ਹਨ। ਜਿਸ ਵਿੱਚ ਸਵੀਟ ਮਹਿਲ ਵਾਲਿਆਂ ਦੇ ਸਵਾਦਲੇ ਵੰਨ ਸੁਵੰਨੇ ਭੋਜਨ,ਸਵੇਰ ਤੋਂ ਸ਼ਾਮ ਤੱਕ ਪਰੋਸੇ ਜਾਣਗੇ। ਬਚਿਆਂ ,ਬੀਬੀਆਂ, ਨੌਜਵਾਨਾ, ਆਦਮੀਆਂ ਦੇ ਮਨੋਰਜਨ ਲਈ ਖੇਡਾਂ, ਦੌੜਾ ਹੋਣਗੀਆਂ। ਪਿਕਨਿਕ ਵਿੱਚ ਪਹੁੰਚੇ ਸੱਭ ਤੋਂ ਵੱਡੀ ਉਮਰ ਦੇ ਇੱਕ ਆਦਮੀ ਅਤੇ ਇਕ ਬੀਬੀ ਨੂੰ ਰੇਡੀਓ ਦੇ ਕੇ ਸਨਮਾਨਿਤ ਕੀਤਾ ਜਾਏਗਾ। ਦੌੜਾਂ ਜਿਤਣ ਵਾਲਿਆਂ ਨੂੰ ਟਰੌਫੀਆਂ ਦੇ ਕੇ ਸਨਮਾਨਿਤ ਕੀਤਾ ਜਾਏਗਾ । ਛੋਟੇ ਬੱਚਿਆਂ ਨੂੰ ਮੈਡਲ ਦੇ ਕੇ ਉਤਸ਼ਾਹਿਤ ਕੀਤਾ ਜਾਏਗਾ।ਪਿਕਨਿਕ ਨੂੰ ਸਪੌਂਸਰ ਕਰਨ ਵਾਲੇ ਮਾਣਯੋਗ ਹਸਤੀਆਂ ਨੂੰ ਪਲੈਕਸ ਸਨਮਾਨ ਚਿੰਨ ਦੇ ਕੇ ਨਿਵਾਜਿਆ ਜਾਏਗਾ। ਇਸ ਪਿਕਨਿਕ ਨੂੰ ਬਲਜਿੰਦਰ ਸਿੰਘ ਸੰਧੂ ਲਾਅ ਆਫਿਸ ਤੋਂ, ਸਵੀਟ ਮਹਿਲ ਵਾਲੇ ਸੁਖਰਾਜ ਕੰਗ ਪਰੈਜੀਡੈਂਟ ਕਨਵੈਂਸ਼ਨ ਸੈਂਟਰ , ਸੁਖਜੀਤ ਸਿੰਘ ਕੰਗ ਰੀਅਲ ਅਸਟੇਟ ਵਾਲੇ, ਹਰਚੰਦ ਸਿੰਘ ਬਾਸੀ , ਜਸਵਿੰਦਰ ਸਿੰਘ ਸੇਖੋਂ, ਅਵਤਾਰ ਸਿੰਘ ਖੋਸਾ ਕੈਲਡਨ ਗਰੌਸਰੀ ਸਟੋਰ ਵਾਲੇ,ਜੱਸੀ ਸਿੰਘ ਸੇਵ ਮੈਕਸ ਰੀਅਲ ਅਸਟੇਟ, ਸੁਖਪਾਲ ਕੰਗ ਕੰਕਰੀਟ ਵਾਲੇ, ਜਸਵਿੰਦਰ ਖੋਸਾ ਈਗਲ ਸ਼ੰਟ ਸਰਵਿਸ , ਜਸਕਰਨ ਸਿੰਘ ਖੋਸਾ, ਸਪੌਂਸਰਜ਼ ਉਪਰੋਕਤ ਸੱਭ ਨੇ ਪਿਕਨਿਕ ਦੀ ਸਫਲਤਾ ਲਈ ਦਿਲ ਖੋਹਲ ਕੇ ਮਾਇਕ ਸਹਾਇਤਾ ਕੀਤੀ।


ਜਿਸ ਉਤਸ਼ਾਹ ਨਾਲ ਤੁਸੀਂ ਪਿਛਲੇ ਸਮਿਆਂ ਵਿੱਚ ਵਧ ਚੜ ਕੇ ਸਹਿਯੋਗ ਦਿਤਾ ਹੈ। ਆਉ ਇਸ ਸਾਲ ਨਵਾਂ ਰੀਕਾਰਡ ਬਣਾਈਏ ਹਰ ਪਰੀਵਾਰ ਤਕ ਸੁਨੇਹੇ ਪਹੁੰਚਾਈਏ। ਹਰ ਪ੍ਰੀਵਾਰ ਦੂਜੇ ਪਰੀਵਾਰਾਂ ਨਾਲ ਜਾਣਕਾਰੀ ਜਰੂਰ ਸਾਂਝੀ ਕਰੇ। ਪ੍ਰੀਵਾਰ ਇਕੱਤਰ ਹੋ ਕੇ ਟੈਂਸ਼ਨ ਤੋਂ ਮੁਕਤ ਹੋ ਕੇ ਹੱਸ ਖੇਡ ਕੇ ਦਿਨ ਬਤਾਈਏ। ਹੋਰ ਜਾਣਕਾਰੀ ਲਈ ਫੋਨ ਨੰਬਰ

ਭਿੰਦਰ ਸਿੰਘ ਖੋਸਾ 416-450-2434 ਸੁਖਜੀਤ ਸਿੰਘ ਕੰਗ 647-200-5264 ਬਲਰਾਜ ਸਿੰਘ ਗਿੱਲ 416-450-0566 ਦਿਲਬਾਗ ਸਿੰਘ ਸੰਧੂ 416-427-1313 ਹਰਚੰਦ ਸਿੰਘ ਬਾਸੀ 437-772-3854 ਅਜਾਇਬ ਸਿੰਘ ਸੇਖੋਂ 905-915-9534




# ਰਾਮ ਰਹੀਮ ਨੂੰ ਫਿਰ ਮਿਲੀ 30 ਦਿਨਾਂ ਦੀ ਪੈਰੋਲ, ਬਰਨਾਵਾ ਡੇਰੇ 'ਚ ਰਹੇਗਾ

**ਢਾਈ ਸਾਲਾਂ 'ਚ 7ਵੀਂ ਵਾਰ ਮਿਲੀ ਪੈਰੋਲ**



ਚੰਡੀਗੜ੍ਹ, 20 ਜੁਲਾਈ (ਪੋਸਟ ਬਿਊਰੋ): ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਫਿਰ 30 ਦਿਨਾਂ ਦੀ ਪੈਰੋਲ ਮਿਲ ਗਈ ਹੈ। ਢਾਈ ਸਾਲਾਂ 'ਚ 7ਵੀਂ ਵਾਰ ਪੈਰੋਲ ਮਿਲੀ ਹੈ। ਰਾਮ ਰਹੀਮ ਵੀਰਵਾਰ ਸ਼ਾਮ ਪੰਜ ਵਜੇ ਸੁਨਾਰੀਆ ਜੇਲ੍ਹ ਛੱਡ ਕੇ ਯੂਪੀ ਦੇ ਬਾਗਪਤ ਲਈ ਰਵਾਨਾ ਹੋ ਗਿਆ। ਉਸ ਨੂੰ ਸਿਰਸਾ ਡੇਰੇ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੈ। ਇਸ ਤੋਂ ਪਹਿਲਾਂ ਸਿਰਸਾ ਤੋਂ ਉਸ ਲਈ ਘੋੜੇ ਅਤੇ ਗਾਵਾਂ ਲਿਆਂਦੀਆਂ ਜਾ ਚੁੱਕੀਆਂ ਹਨ ਅਤੇ ਉੱਥੇ ਸੁਰੱਖਿਆ ਵਧਾ ਦਿੱਤੀ ਗਈ ਹੈ।

ਰਾਮ ਰਹੀਮ ਦਾ ਜਨਮਦਿਨ 15 ਅਗਸਤ ਨੂੰ ਹੈ, ਇਸ ਲਈ ਸਜ਼ਾ ਮਿਲਣ ਤੋਂ ਬਾਅਦ ਉਹ ਪਹਿਲੀ ਵਾਰ ਜੇਲ੍ਹ ਦੇ ਬਾਹਰ ਪ੍ਰੇਮੀਆਂ ਵਿਚਕਾਰ ਆਪਣਾ ਜਨਮ ਦਿਨ ਮਨਾਏਗਾ। ਰਾਮ ਰਹੀਮ ਨੂੰ ਇਸ ਸਾਲ ਜਨਵਰੀ 'ਚ 40 ਦਿਨਾਂ ਦੀ ਪੈਰੋਲ ਮਿਲੀ ਸੀ।

# ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਸਥਿਤੀ ’ਤੇ ਨਿਰੰਤਰ ਨਿਗਰਾਨੀ ਰੱਖ ਰਿਹਾਂ : ਮੁੱਖ ਮੰਤਰੀ

**ਸੂਬਾ ਸਰਕਾਰ ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਇਕ-ਇਕ ਪੈਸੇ ਦੀ ਭਰਪਾਈ ਕਰੇਗੀ**

ਚੰਡੀਗੜ੍ਹ, 20 ਜੁਲਾਈ (ਪੋਸਟ ਬਿਊਰੋ): ਪੰਜਾਬ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਲੋਕਾਂ ਨੂੰ ਸੰਕਟ ਵਿੱਚੋਂ ਕੱਢਣ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਉਹ ਪਠਾਨਕੋਟ ਤੋਂ ਸਰਦੂਲਗੜ੍ਹ ਤੱਕ ਸੂਬਾ ਭਰ ਵਿਚ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਉਤੇ ਨਿਰੰਤਰ ਨਿਗਰਾਨੀ ਰੱਖ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਕਾਰਨ ਸੂਬੇ ਵਿਚ ਪੈਦਾ ਹੋਏ ਹਾਲਾਤ ਉਤੇ ਉਨ੍ਹਾਂ ਨੇ ਨਿੱਜੀ ਤੌਰ ਉਤੇ ਨਜ਼ਰ ਰੱਖੀ ਹੋਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹੜ੍ਹ ਪੀੜਤ ਲੋਕਾਂ ਨੂੰ ਸਮੇਂ ਸਿਰ ਰਾਹਤ ਪਹੁੰਚਾਏ ਜਾਣ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਔਖੀ ਘੜੀ ਵਿਚ ਲੋਕਾਂ ਨਾਲ ਡਟ ਕੇ



ਖੜ੍ਹੀ ਹੈ ਅਤੇ ਉਨ੍ਹਾਂ ਨੂੰ ਲੋੜੀਂਦੀ ਮਦਦ ਦਿੱਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਮੰਤਰੀ, ਉਚ ਅਧਿਕਾਰੀ ਅਤੇ ਹੋਰ ਪ੍ਰਸ਼ਾਸਨਿਕ ਮਸ਼ੀਨਰੀ ਪਹਿਲਾਂ ਹੀ ਲੋਕਾਂ ਦੀ ਇਮਦਾਦ ਲਈ ਪੂਰੀ ਤਰ੍ਹਾਂ ਸਰਗਰਮ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਰਾਹਤ ਤੇ ਬਚਾਅ ਕਾਰਜ ਵੱਡੇ ਪੱਧਰ ਉਤੇ ਕੀਤੇ ਜਾ ਰਹੇ ਹਨ ਤਾਂ ਕਿ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਭਗਵੰਤ ਮਾਨ ਨੇ ਇਸ ਔਖੇ ਸਮੇਂ ਵਿਚ ਤਨ-ਮਨ ਨਾਲ ਲੋਕਾਂ ਦੀ ਸੇਵਾ ਵਿਚ ਜੁਟੀਆਂ ਗੈਰ-ਸਰਕਾਰੀ ਸੰਸਥਾਵਾਂ ਅਤੇ ਹੋਰ ਜਥੇਬੰਦੀਆਂ ਦੀ ਭਰਵੀਂ ਸ਼ਲਾਘਾ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਪ੍ਰਭਾਵਿਤ ਇਲਾਕਿਆਂ ਵਿਚ ਬਚਾਅ ਤੇ ਰਾਹਤ ਕਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ ਤਾਂ ਕਿ ਲੋਕਾਂ ਦੀ ਦੁੱਖ-ਤਕਲੀਫਾਂ ਘਟਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਇਨ੍ਹਾਂ ਇਲਾਕਿਆਂ ਵਿਚ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦੇ ਇਕ-ਇਕ ਪੈਸੇ ਦੀ ਭਰਪਾਈ ਕਰੇਗੀ। ਉਨ੍ਹਾਂ ਅੱਗੇ ਦੱਸਿਆ ਕਿ ਭਾਰੀ ਮੀਂਹ ਕਾਰਨ ਫਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।

# ਮੁੱਖ ਮੰਤਰੀ ਵੱਲੋਂ ਮਨੀਪੁਰ ਵਿਚ ਦੋ ਔਰਤਾਂ ਉਤੇ ਜਿਨਸੀ ਹਮਲੇ ਦੀ ਘਿਨਾਉਣੀ ਕਾਰਵਾਈ ਦੀ ਸਖ਼ਤ ਨਿਖੇਧੀ

**ਜ਼ੁਰਮ ਨੂੰ ਅੰਜ਼ਾਮ ਦੇਣ ਵਾਲਿਆਂ ਨੂੰ ਕਰੜੀ ਸਜ਼ਾ ਦੇਣ ਦੀ ਵਕਾਲਤ**

ਚੰਡੀਗੜ੍ਹ, 20 ਜੁਲਾਈ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਨੀਪੁਰ ਵਿਚ ਦੋ ਔਰਤਾਂ ਉਤੇ ਜਿਨਸੀ ਹਮਲੇ ਦੀ ਵਾਪਰੀ ਘਿਨਾਉਣੀ ਕਾਰਵਾਈ ਉਤੇ ਡੂੰਘਾ ਦੁੱਖ ਜ਼ਾਹਰ ਕਰਦੇ ਹੋਏ ਇਸ ਅਣਮਨੁੱਖੀ ਜੁਰਮ ਨੂੰ ਅੰਜ਼ਾਮ ਦੇਣ ਵਾਲਿਆਂ ਨੂੰ ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ। ਅੱਜ ਇੱਥੇ ਜਾਰੀ ਬਿਆਨ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਬੇਸਹਾਰਾ ਔਰਤਾਂ ਮਨੁੱਖਤਾ ਵਿਰੁੱਧ ਇਸ ਘਿਨਾਉਣੇ ਅਪਰਾਧ ਦਾ ਸ਼ਿਕਾਰ ਹੋਈਆਂ। ਭਗਵੰਤ ਮਾਨ ਨੇ ਕਿਹਾ ਕਿ ਇਹ ਵਹਿਸ਼ੀ ਘਟਨਾ ਮੁਲਕ ਦੀ ਜ਼ਮੀਰ 'ਤੇ ਵੱਡਾ ਕਲੰਕ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਸਾਰਿਆਂ ਵੱਲੋਂ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਘਿਨਾਉਣਾ ਅਤੇ ਅਣਮਨੁੱਖੀ ਕਾਰਾ ਹੈ ਜਿਸ ਕਾਰਨ ਅੱਜ ਹਰ ਦੇਸ਼ ਵਾਸੀ ਸ਼ਰਮ ਮਹਿਸੂਸ ਕਰ ਰਿਹਾ ਹੈ। ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿਵਾਉਣ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਅਪਰਾਧੀ ਕਿਸੇ ਤਰ੍ਹਾਂ ਦੇ ਲਿਹਾਜ਼ ਦੇ ਹੱਕਦਾਰ ਨਹੀਂ ਹਨ ਅਤੇ ਅਜਿਹੇ ਲੋਕਾਂ ਨਾਲ ਦੇਸ਼ ਦੇ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜ਼ਾ ਦੇ ਕੇ ਨਜਿੱਠਿਆ ਜਾਣਾ ਚਾਹੀਦਾ ਹੈ ਤਾਂ ਜੋ ਕੋਈ ਹੋਰ ਅਜਿਹੀ ਜੁਅੱਰਤ ਨਾ ਕਰੇ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਦੋਸ਼ੀਆਂ ਨੂੰ ਛੇਤੀ ਤੋਂ ਛੇਤੀ ਕਾਨੂੰਨ ਦੇ ਕਟਹਿਰੇ ਵਿਚ ਲਿਆਉਣ ਨੂੰ ਯਕੀਨੀ ਬਣਾਉਣ ਤਾਂ ਜੋ ਪੀੜਤਾਂ ਦੇ ਪਰਿਵਾਰਾਂ, ਸਾਕ-ਸਨੇਹੀਆਂ ਅਤੇ ਉਨ੍ਹਾਂ ਦੇ ਸ਼ੁਭਚਿੰਤਕਾਂ ਨੂੰ ਇਨਸਾਫ਼ ਦਿਵਾਇਆ ਜਾ ਸਕੇ। ਔਰਤਾਂ ਦੇ ਮਾਣ-ਸਨਮਾਨ ਨੂੰ ਯਕੀਨੀ ਬਣਾਉਣ ਲਈ ਆਪਣੇ ਸਟੈਂਡ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵਿੱਚ ਤੁਰੰਤ ਦਖਲ ਦੇ ਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣੀ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਨੀਪੁਰ 'ਚ ਸਥਿਤੀ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ ਅਤੇ ਪ੍ਰਧਾਨ ਮੰਤਰੀ ਨੂੰ ਵੀ ਇਸ 'ਤੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅਜਿਹੇ ਅਣਮਨੁੱਖੀ ਕਾਰਿਆਂ ਦੀ ਕਿਸੇ ਵੀ ਸੱਭਿਅਕ ਸਮਾਜ ਵਿੱਚ ਕੋਈ ਥਾਂ ਨਹੀਂ ਹੈ ਅਤੇ ਸਮੁੱਚੇ ਦੇਸ਼ ਨੂੰ ਇਸ ਦੀ ਇੱਕਜੁਟ ਹੋ ਕੇ ਨਿਖੇਧੀ ਕਰਨੀ ਚਾਹੀਦੀ ਹੈ।

# ਖੇਤਾਂ ਵਿਚ ਸਾਂਝੇ ਰਾਹ ’ਤੇ ਟਰੈਕਟਰ ਲਿਜਾਣ ਨੂੰ ਲੈ ਕੇ ਹੋਇਆ ਵਿਵਾਦ, ਪਿਓ-ਪੁੱਤ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

ਲੁਧਿਆਣਾ, 20 ਜੁਲਾਈ (ਪੋਸਟ ਬਿਊਰੋ): ਲੁਧਿਆਣਾ ਦੇ ਪਿੰਡ ਕੱਕਾ ਵਿੱਚ ਦੋ ਪਰਿਵਾਰਾਂ ਵਿੱਚ ਝੜਪ ਹੋ ਗਈ। ਖੇਤਾਂ ਵਿਚਕਾਰ ਸਾਂਝੀ ਸੜਕ ਤੋਂ ਟਰੈਕਟਰ ਲੈ ਕੇ ਜਾ ਰਹੇ ਪਿਓ-ਪੁੱਤ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ। ਇਸ ਦੌਰਾਨ ਨੌਜਵਾਨ ਦੀ ਲੱਤ 'ਤੇ ਸੱਟ ਲੱਗ ਗਈ।

ਚਰਨਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਅਤੇ ਉਸ ਦੇ ਭਰਾ ਦੇ ਖੇਤ ਨਾਲ-ਨਾਲ ਹਨ। ਵਿਚਕਾਰ ਇੱਕ ਸਾਂਝਾ ਰਾਹ ਹੈ। ਇਸੇ ਰਸਤੇ ਰਾਹੀਂ ਦੋਵੇਂ ਪਰਿਵਾਰ ਆਪਣੇ ਟਰੈਕਟਰ ਆਦਿ ਲੈ ਕੇ ਖੇਤਾਂ ਨੂੰ ਜਾਂਦੇ ਹਨ।

ਚਰਨਜੀਤ ਸਿੰਘ ਅਨੁਸਾਰ ਉਸ ਦਾ ਘਰ ਸੈਕਟਰ 32 ਵਿੱਚ ਹੈ ਅਤੇ ਫਾਰਮ ਹਾਊਸ ਪਿੰਡ ਕੱਕਾ ਵਿੱਚ ਹੈ। ਬੀਤੀ ਰਾਤ ਉਹ ਆਪਣੇ ਲੜਕੇ ਜਸਪ੍ਰੀਤ ਸਿੰਘ ਨਾਲ ਟਰੈਕਟਰ ’ਤੇ ਜਾ ਰਿਹਾ ਸੀ। ਇਸ ਦੌਰਾਨ ਉਸ ਦੇ ਭਰਾ ਅਤੇ ਭਤੀਜੇ ਨੇ ਉਸ 'ਤੇ ਹਮਲਾ ਕਰ ਦਿੱਤਾ। ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਉਸ ਨੂੰ ਅਤੇ ਉਸ ਦੇ ਪੁੱਤਰ ਨੂੰ ਸੱਟਾਂ ਲੱਗੀਆਂ ਹਨ। ਲੜਕੇ ਜਸਪ੍ਰੀਤ ਦੀ ਲੱਤ 'ਤੇ ਛੁਰੇ ਨਾਲ ਵਾਰ ਕੀਤਾ ਗਿਆ, ਜਿਸ ਕਾਰਨ ਉਸ ਦੀ ਲੱਤ ਕੱਟ ਦਿੱਤੀ ਗਈ।

ਜਸਪ੍ਰੀਤ ਨੂੰ ਲੋਕਾਂ ਦੀ ਮੱਦਦ ਨਾਲ ਲਹੂ-ਲੁਹਾਨ ਹਾਲਤ ਵਿੱਚ ਸਿਵਲ ਹਸਪਤਾਲ ਪਹੁੰਚਾਇਆ ਗਿਆ। ਚਰਨਜੀਤ ਨੇ ਦੱਸਿਆ ਕਿ ਉਸ ਦਾ ਭਰਾ ਅਤੇ ਭਤੀਜਾ ਪਹਿਲਾਂ ਵੀ ਕਈ ਵਾਰ ਉਸ ਨਾਲ ਬਦਸਲੂਕੀ ਕਰ ਚੁੱਕੇ ਹਨ, ਇਸ ਸਬੰਧੀ ਉਸ ਨੇ ਥਾਣਾ ਮੇਹਰਬਾਨ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਪਰ ਪੁਲਿਸ ਨੇ ਕੋਈ ਸੁਣਵਾਈ ਨਹੀਂ ਕੀਤੀ। ਹੁਣ ਦੁਬਾਰਾ ਪੁਲਿਸ ਨੂੰ ਸੂਚਨਾ ਦਿੱਤੀ ਗਈ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ

# ਅਮਨ ਅਰੋੜਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਕੈਡਿਟਾਂ ਨੂੰ ਮੰਤਰ, 'ਸਫ਼ਲਤਾ ਲਈ ਹੌਸਲੇ ਬੁਲੰਦ ਰੱਖੋ'

**ਰੋਜ਼ਗਾਰ ਉਤਪਤੀ ਮੰਤਰੀ ਵੱਲੋਂ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ 85% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 14 ਕੈਡਿਟਾਂ ਦਾ "ਅਕੈਡਮਿਕ ਟਾਰਚ" ਨਾਲ ਸਨਮਾਨ**

ਚੰਡੀਗੜ੍ਹ, 20 ਜੁਲਾਈ (ਪੋਸਟ ਬਿਊਰੋ): ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.), ਐਸ.ਏ.ਐਸ.ਨਗਰ (ਮੋਹਾਲੀ) ਦੇ 12ਵੇਂ ਬੈਚ ਦੇ 14 ਕੈਡਿਟਾਂ ਦਾ 12ਵੀਂ ਜਮਾਤ ਦੀ ਛਿਮਾਹੀ ਪ੍ਰੀਖਿਆ ਵਿੱਚ



85% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ 'ਤੇ “ਅਕੈਡਮਿਕ ਟਾਰਚ” ਨਾਲ ਸਨਮਾਨ ਕੀਤਾ। ਇਹ ਪਹਿਲ ਕੈਡਿਟਾਂ ਦੇ ਅੰਤਿਮ ਪ੍ਰੀਖਿਆਵਾਂ ਵਾਸਤੇ ਮਨੋਬਲ ਨੂੰ ਵਧਾਉਣ ਲਈ ਕੀਤੀ ਗਈ।

ਅਮਨ ਅਰੋੜਾ ਨੇ ਕੈਡਿਟਾਂ ਨਾਲ ਗੱਲਬਾਤ ਦੌਰਾਨ ਕੈਡਿਟਾਂ ਦੀ ਹੌਂਸਲਾਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ, “ਤੁਸੀਂ ਸਾਰੇ ਆਰਮਡ ਫੋਰਸਿਜ਼ ਵਿਚ ਅਫ਼ਸਰ ਬਣਨ ਦਾ ਸੁਪਨਾ ਲੈ ਕੇ ਸਖ਼ਤ ਮਿਹਨਤ ਨਾਲ ਇੱਥੇ ਤੱਕ ਪਹੁੰਚੇ ਹੋ। ਰੱਖਿਆ ਸੇਵਾਵਾਂ ਸਾਹਸ ਭਰਪੂਰ ਅਤੇ ਸ਼ਾਨਦਾਰ ਖੇਤਰ ਹੈ। ਬੱਸ ਸਖ਼ਤ ਮਿਹਨਤ ਕਰਦੇ ਰਹੋ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਕਦੇ ਵੀ ਹਿੰਮਤ ਨਾ ਛੱਡੋ।”

ਕੈਬਨਿਟ ਮੰਤਰੀ ਨੇ ਰੋਜ਼ਗਾਰ ਉਤਪਤੀ ਵਿਭਾਗ ਦੇ ਡਾਇਰੈਕਟਰ ਸ੍ਰੀਮਤੀ ਦੀਪਤੀ ਉੱਪਲ ਨਾਲ ਇੰਸਟੀਚਿਊਟ ਦਾ ਦੌਰਾ ਕੀਤਾ ਅਤੇ ਇੱਥੇ ਕੈਡਿਟਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਅਤੇ ਬੁਨਿਆਦੀ ਢਾਂਚੇ ਦਾ ਜਾਇਜ਼ਾ ਲਿਆ। ਇਸ ਦੌਰਾਨ ਉਹਨਾਂ ਨੇ ਸੂਟਿੰਗ ਰੇਂਜ, ਸਵੀਮਿੰਗ ਪੂਲ, ਟੈਨਿਸ ਕੋਰਟ ਅਤੇ ਹੋਰ ਖੇਡ ਮੈਦਾਨਾਂ ਸਮੇਤ ਬੁਨਿਆਦੀ ਢਾਂਚਾ ਸਹੂਲਤਾਂ ਦਾ ਮੁਆਇਨਾ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਿੱਥੇ ਵੀ ਲੋੜ ਹੋਵੇ, ਉੱਥੇ ਕੰਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰੱਖਿਆ ਸੇਵਾਵਾਂ ਵਿੱਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਦੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਅਜੇ ਐਚ.ਚੌਹਾਨ (ਸੇਵਾਮੁਕਤ) ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਇਸ ਸੰਸਥਾ ਦੇ ਕੁੱਲ 217 ਕੈਡਿਟ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਅਤੇ ਹੋਰ ਸਰਵਿਸ ਅਕੈਡਮੀਆਂ ਵਿੱਚ ਭਰਤੀ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 141 ਕੈਡਿਟ ਡਿਫੈਂਸ ਸਰਵਿਸਿਜ਼ (ਫ਼ੌਜ-109, ਜਲ ਸੈਨਾ-13 ਅਤੇ ਹਵਾਈ ਸੈਨਾ-19) ਵਿੱਚ ਕਮਿਸ਼ਨਡ ਅਫ਼ਸਰ ਵਜੋਂ ਨਿਯੁਕਤ ਹੋਏ ਹਨ। 52 ਫ਼ੀਸਦ ਦੀ ਚੋਣ ਦਰ ਨਾਲ, ਇਹ ਸੰਸਥਾ ਦੇਸ਼ ਭਰ ਵਿੱਚ ਆਪਣੀ ਕਿਸਮ ਦੀ ਸਭ ਤੋਂ ਸਫ਼ਲ ਸੰਸਥਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ 38 ਕੈਡਿਟਾਂ ਨੇ ਐਨ.ਡੀ.ਏ.-1, ਸੀ.ਡੀ.ਐਸ. ਅਤੇ ਏ.ਐਫ.ਸੀ.ਏ.ਟੀ. ਦੀਆਂ ਵੱਖ-ਵੱਖ ਯੂ.ਪੀ.ਐਸ.ਸੀ. ਪ੍ਰੀਖਿਆਵਾਂ ਪਾਸ ਕੀਤੀਆਂ ਹਨ। ਇਹ ਕੈਡਿਟ ਮੌਜੂਦਾ ਸਮੇਂ ਸਰਵਿਸਿਜ਼ ਸਿਲੈਕਸ਼ਨ ਬੋਰਡ (ਐਸ.ਐਸ.ਬੀ.) ਅਧੀਨ ਹਨ। ਹੁਣ ਤੱਕ 07 ਕੈਡਿਟਾਂ ਨੇ ਐਸ.ਐਸ.ਬੀ. ਕਲੀਅਰ ਕੀਤਾ ਹੈ ਜਦੋਂ ਕਿ ਬਾਕੀ ਕੈਡਿਟ ਐਸ.ਐਸ.ਬੀ. ਤੋਂ ਕਾਲ ਦੀ ਉਡੀਕ ਕਰ ਰਹੇ ਹਨ।

# ਬੁੱਢਾ ਦਰਿਆ ਵਿਚ 2 ਨੌਜਵਾਨਾਂ ਦੀ ਡੁੱਬਣ ਨਾਲ ਮੌਤ

ਲੁਧਿਆਣਾ, 20 ਜੁਲਾਈ (ਪੋਸਟ ਬਿਊਰੋ): ਲੁਧਿਆਣਾ ਦੇ ਟਿੱਬਾ ਰੋਡ ਨੇੜੇ ਗੁਰਮੇਲ ਪਾਰਕ ਦੇ ਰਹਿਣ ਵਾਲੇ 7 ਨੌਜਵਾਨ ਗਰਮੀ ਤੋਂ ਰਾਹਤ ਪਾਉਣ ਲਈ ਬੁੱਢਾ ਦਰਿਆ ਧਨਾਸੂ ਵਿਖੇ ਨਹਾਉਣ ਗਏ ਸਨ। ਇੱਥੇ ਪੈਰ ਤਿਲਕਣ ਕਾਰਨ ਦੋ ਨੌਜਵਾਨ ਪਾਣੀ ਵਿੱਚ ਡੁੱਬ ਗਏ। ਬਾਕੀ 5 ਦੋਸਤਾਂ ਨੇ ਡੁੱਬ ਰਹੇ ਦੋਹਾਂ ਦੋਸਤਾਂ ਨੂੰ ਬਚਾਉਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਨੌਜਵਾਨਾਂ ਦੀਆਂ ਚੀਕਾਂ ਸੁਣ ਕੇ ਲੋਕ ਇਕੱਠੇ ਹੋ ਗਏ। ਲੋਕਾਂ ਨੇ ਆਪਣੇ ਪੱਧਰ 'ਤੇ ਡੁੱਬ ਰਹੇ ਨੌਜਵਾਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਦੋਵਾਂ ਨੌਜਵਾਨਾਂ ਦੀ ਲੋਕਾਂ ਦੇ ਸਾਹਮਣੇ ਹੀ ਮੌਤ ਹੋ ਗਈ। ਮ੍ਰਿਤਕ ਨੌਜਵਾਨਾਂ ਦੀ ਪਹਿਚਾਣ ਮੋਹਤਰਾਮ ਅਤੇ ਸਾਹਿਬ ਵਜੋਂ ਹੋਈ ਹੈ।

ਮੌਕੇ 'ਤੇ ਮੌਜੂਦ ਬਾਕੀ ਦੋਸਤਾਂ ਨੇ ਮ੍ਰਿਤਕ ਦੇ ਰਿਸ਼ਤੇਦਾਰਾਂ ਨੂੰ ਸੂਚਨਾ ਦਿੱਤੀ। ਨਾਲ ਹੀ ਇਸ ਦੀ ਸੂਚਨਾ ਪੁਲਿਸ ਨੂੰ ਵੀ ਦਿੱਤੀ ਗਈ। ਪੁਲਸ ਨੇ ਮੌਕੇ 'ਤੇ




ਪਹੁੰਚ ਕੇ ਗੋਤਾਖੋਰਾਂ ਦੀ ਮੱਦਦ ਨਾਲ ਲਾਸ਼ਾਂ ਨੂੰ ਬਾਹਰ ਕੱਢਿਆ।

ਮ੍ਰਿਤਕ ਮੋਹਤਰਾਮ ਦੇ ਪਿਤਾ ਮੁਸਤਕੀਮ ਸਲਮਾਨੀ ਨੇ ਦੱਸਿਆ ਕਿ ਉਸ ਦੀ ਭਰਜਾਈ ਦਾ ਲੜਕਾ ਸਾਹਿਬ ਵੀ ਉਸ ਦੇ ਨਾਲ ਰਹਿੰਦਾ ਸੀ। ਸਵੇਰੇ ਸਾਰੇ ਦੋਸਤ ਨਹਾਉਣ ਲਈ ਕਹਿ ਕੇ ਸਵੀਮਿੰਗ ਪੂਲ 'ਤੇ ਚਲੇ ਗਏ ਸਨ। ਪਤਾ ਨਹੀਂ ਕਿਵੇਂ ਸਾਰੇ ਨੌਜਵਾਨ ਨਹਾਉਣ ਧਨਾਸੂ ਪਹੁੰਚ ਗਏ। ਲਾਸ਼ਾਂ ਨੂੰ ਸਿਵਲ ਹਸਪਤਾਲ 'ਚ ਰੱਖਵਾਇਆ ਗਿਆ ਹੈ। ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ

# ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ ਵੱਲੋਂ ਅਪ੍ਰੈਲ 2022 ਤੋਂ ਹੁਣ ਤੱਕ 3972 ਨੌਕਰੀਆਂ ਦਿੱਤੀਆਂ ਗਈਆਂ: ਹਰਭਜਨ ਸਿੰਘ ਈ.ਟੀ.ਓ.

ਚੰਡੀਗੜ੍ਹ, 20 ਜੁਲਾਈ (ਪੋਸਟ ਬਿਊਰੋ): ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਅੱਜ ਇਥੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸੂਬੇ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਦੇਣ ਦੇ ਮਿਸ਼ਨ ਤਹਿਤ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ) ਵੱਲੋਂ ਅਪ੍ਰੈਲ 2022 ਤੋਂ ਹੁਣ ਤੱਕ ਨੌਜਵਾਨਾਂ ਨੂੰ 3972 ਨੌਕਰੀਆਂ ਪ੍ਰਦਾਨ ਕੀਤੀਆਂ ਹਨ।

ਇਹ ਪ੍ਰਗਟਾਵਾ ਕਰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਪੀ.ਐਸ.ਪੀ.ਸੀ.ਐਲ. ਨੇ ਸੂਬੇ ਦੇ 3224 ਯੋਗ ਅਤੇ ਹੁਨਰਮੰਦ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਕੇ ਇਸ ਭਰਤੀ ਮੁਹਿੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪੀ.ਐਸ.ਪੀ.ਸੀ.ਐਲ. ਨੇ ਆਪਣੇ ਖਪਤਕਾਰਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਅਪ੍ਰੈਲ 2022 ਤੋਂ ਜੂਨ 2023 ਤੱਕ ਸਿੱਧੀ ਭਰਤੀ ਤਹਿਤ 2630 ਨੌਕਰੀਆਂ ਅਤੇ ਤਰਸ ਦੇ ਆਧਾਰ 'ਤੇ 463 ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 06 ਜੁਲਾਈ, 2023 ਨੂੰ ਇੱਕ ਸਮਾਗਮ ਦੌਰਾਨ ਪੀ.ਐਸ.ਪੀ.ਸੀ.ਐਲ ਦੇ 131 ਕਲਰਕਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ।




# ਪ੍ਰਸਿੱਧ ਸਾਹਿਤਕਾਰ ਨਛੱਤਰ ਸਿੰਘ ਗਿੱਲ ਦੀਆਂ ਦੋ ਪੁਸਤਕਾਂ ਲੋਕ ਅਰਪਣ

ਸਰੀ, 20 ਜੁਲਾਈ (ਗਿਆਨ ਸਿੰਘ): ਤਰਕਸ਼ੀਲ ਸੁਸਾਇਟੀ ਆਫ ਕੈਨੇਡਾ (ਯੂਨਿਟ ਬੀ ਸੀ) ਵੱਲੋਂ ਬੀਤੇ ਦਿਨ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਕਰਵਾਏ ਗਏ ਸਮਾਗਮ ਦੌਰਾਨ ‘ਲੋਹਮਣੀ’ ਮੈਗਜ਼ੀਨ ਦੇ ਬਾਨੀ ਸੰਪਾਦਕ ਅਤੇ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਮੈਂਬਰ ਨਛੱਤਰ ਸਿੰਘ ਗਿੱਲ ਦੀਆਂ ਦੋ ਕਿਤਾਬਾਂ ‘ਕੜਵਾ ਬਦਲਾ’ ਅਤੇ ‘ਕਥਾ ਤਿੰਨ ਅੱਖਰਾਂ ਦੀ’ ਲੋਕ ਅਰਪਣ ਕੀਤੀਆਂ ਗਈਆਂ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਸੁਸਾਇਟੀ ਦੇ ਜਨਰਲ ਸਕੱਤਰ ਨਿਰਮਲ ਕਿੰਗਰਾ ਨੇ ਨਛੱਤਰ ਗਿੱਲ ਦੀ ਸਾਹਿਤਿਕ ਘਾਲਣਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਮਰ ਦੇ ਜਿਸ ਪੜਾਅ ਨੂੰ ਲੋਕ ਬੁੜ੍ਹਾਪਾ ਕਹਿ ਕੇ ਅਜਾਈਂ ਗੁਆ ਦਿੰਦੇ ਹਨ ਅਸਲ ਵਿੱਚ ਇਹੀ ਸਮਾਂ ਤਜਰਬਿਆਂ ਭਰਪੂਰ ਜ਼ਿੰਦਗੀ ਹੋਣ ਕਾਰਨ ਸਿਰਜਣਾ ਦਾ ਸਮਾਂ ਹੁੰਦਾ ਹੈ ਅਤੇ ਨਛੱਤਰ ਗਿੱਲ ਉਮਰ ਦੇ ਇਸ ਪੜਾਅ ਦਾ ਸਦਉਪਯੋਗ ਕਰ ਰਹੇ ਹਨ।

ਪੁਸਤਕਾਂ ਬਾਰੇ ਬੋਲਦਿਆਂ ਮੋਹਨ ਗਿੱਲ ਨੇ ਕਿਹਾ ਕਿ ਨਛੱਤਰ ਸਿੰਘ ਗਿੱਲ ਹੁਣ ਤੱਕ ਕਵਿਤਾ, ਕਹਾਣੀਆਂ, ਅਨੁ-ਵਾਦ ਅਤੇ ਨਾਵਲ ਦੇ ਰੂਪ ਵਿਚ 33 ਪੁਸਤਕਾਂ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ ਅਤੇ ਪੰਜਾਬੀ ਸਾਹਿਤਕ ਜਗਤ ਵਿੱਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ। ਪਰਮਿੰਦਰ ਸਵੈਚ ਨੇ ਨਛੱਤਰ ਗਿੱਲ ਦੀ ਪੁਸਤਕ ‘ਕਥਾ ਤਿੰਨ ਅੱਖਰਾਂ’ ‘ਤੇ ਚਰਚਾ ਕਰਦਿਆਂ ਕਿਹਾ ਕਿ ਪਿਆਰ ਸ਼ਬਦ ਭਾਵੇਂ ਤਿੰਨ ਅੱਖਰਾਂ ਤੋਂ ਬਣਿਆ ਹੈ ਪਰ ਇਸ ਸ਼ਬਦ ਦੀ ਮਹਾਨਤਾ ਹੈ ਕਿ ਸਮਾਜ ਦਾ ਹਰ ਵਰਗ ਤੇ ਮਨੁੱਖੀ ਵਿਹਾਰ ਇਸ ਦੇ ਦਾਇਰੇ ਤੋਂ ਬਾਹਰ ਨਹੀਂ ਜਾ ਸਕਦਾ। ਗੁਰਮੇਲ ਗਿੱਲ ਨੇ ਕਿਹਾ ਕਿ ਭਾਵੇਂ ਪਿਆਰ ਸ਼ਬਦ ਮਨੁੱਖੀ ਭਾਵਨਾਵਾਂ ਦਾ ਪ੍ਰਗਟਾਅ ਹੈ ਪਰ ਸਮਾਜ ਦੀ ਬਣਤਰ ਵਿੱਚੋਂ ਆਰਥਿਕਤਾ ਦੀ ਭੂਮਿਕਾ ਨੂੰ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ। ਤਰਕਸ਼ੀਲ ਸੁਸਾਇਟੀ ਦੇ ਕੌਮੀ ਪ੍ਰਧਾਨ ਅਵਤਾਰ ਬਾਈ ਨੇ ਪੁਸਤਕ ‘ਕੜਵਾ ਬਦਲਾ’ ਬਾਰੇ ਗੱਲ ਕਰਦਿਆਂ ਕਿਹਾ ਕਿ ਅਨੁਵਾਦ ਲੇਖਕ ਦੀ ਮੌਲਿਕ ਰਚਨਾ ਦੀ ਸਿਰਜਣਾ ਨਾਲੋਂ ਵੀ ਔਖਾ ਹੁੰਦਾ ਹੈ। ਨਛੱਤਰ ਸਿੰਘ ਗਿੱਲ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਉਹ ਕੌਮਾਂਤਰੀ ਪੱਧਰ ਦੀਆਂ ਅਨੇਕਾਂ ਕਿਤਾਬਾਂ ਦਾ ਅਨੁਵਾਦ ਕਰ ਚੁੱਕੇ ਹਨ ਪਰ ਕਿਸੇ ਕਿਤਾਬ ਵਿਚ ਵੀ ਮੂਲ ਲੇਖਕ ਦੀ ਭਾਵਨਾ ਨੂੰ ਮੱਧਮ ਨਹੀਂ ਪੈਣ ਦਿੱਤਾ।

ਡਾਕਟਰ ਸੁਰਜੀਤ ਬਰਾੜ ਘੋਲੀਆ ਨੇ ਨਛੱਤਰ ਗਿੱਲ ਹੋਰਾਂ ਦੀ ਲੇਖਣੀ ਦੇ ਸਫ਼ਰ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਕਿਹਾ ਕਿ ਭਾਵੇਂ ਨਛੱਤਰ ਗਿੱਲ ਵਿੱਚ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿੱਚ ਰਚਨਾ ਕਰਨ ਦੀ ਪ੍ਰਤਿਭਾ ਮੌਜੂਦ ਸੀ ਪਰ ਸਾਹਿਤਕ ਹਲਕਿਆਂ ਨਾਲ ਸਿੱਧੇ ਸੰਪਰਕ ਵਿਚ ਆਉਣ ਤੋਂ ਬਾਅਦ ਉਨ੍ਹਾਂ ਦਾ ਝੁਕਾਅ ਨਾਵਲ ਰਚਨਾ ‘ਤੇ ਕੇਂਦਰਤ ਹੋ ਗਿਆ ਤੇ ਉਨ੍ਹਾਂ ਨੇ ‘ਕਾਲੀ ਹਨੇਰੀ’ ਵਰਗੀਆਂ ਸ਼ਾਹਕਾਰ ਰਚਨਾਵਾਂ ਨਾਲ ਪੰਜਾਬੀ ਸਾਹਿਤ ਜਗਤ ਨੂੰ ਬਹੁਮੁੱਲਾ ਸਰਮਾਇਆ ਦਿੱਤਾ। ਉਨ੍ਹਾਂ ਦੱਸਿਆ ਕਿ ਨਛੱਤਰ ਗਿੱਲ ਦਾ ਵੱਡ-ਆਕਾਰੀ ਨਵਾਂ ਨਾਵਲ ਜੋ ਕਿ ਫੀਡਲ ਕਾਸਤਰੋ ਦੇ ਜੀਵਨ ਘਾਲਣਾਵਾਂ ‘ਤੇ ਅਧਾਰਤ ਹੈ ਜਲਦੀ ਛਪ ਰਿਹਾ ਹੈ।

ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਅਤੇ ਉੱਘੇ ਸ਼ਾਇਰ ਕ੍ਰਿਸ਼ਨ ਭਨੋਟ ਨੇ ਪੁਸਤਕਾਂ ਉੱਪਰ ਆਪਣੇ ਵਿਚਾਰ ਪ੍ਰਗਟ ਕੀਤੇ। ਪਿਆਰਾ ਸਿੰਘ ਚਾਹਲ ਅਤੇ ਹਰਨੇਕ ਰਾਣਾ ਨੇ ਆਪਣੇ ਆਪਣੇ ਗੀਤਾਂ ਰਾਹੀਂ ਸਮਾਗਮ ਨੂੰ ਰੌਚਿਕ ਬਣਾਇਆ। ਅੰਤ ਵਿਚ ਨਛੱਤਰ ਸਿੰਘ ਗਿੱਲ ਨੇ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਅਤੇ ਸਾਰੇ ਸ਼ੁਭਚਿੰਤਕਾਂ ਦਾ ਧੰਨਵਾਦ ਕੀਤਾ।




## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ

ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1



# ਮਹਿਲਾ ਫੀਫਾ ਵਿਸ਼ਵ ਕੱਪ ਤੋਂ ਪਹਿਲਾਂ ਨਿਊਜ਼ੀਲੈਂਡ ਵਿਚ ਗੋਲੀਬਾਰੀ, 2 ਦੀ ਮੌਤ

ਆਕਲੈਂਡ , 20 ਜੁਲਾਈ (ਪੋਸਟ ਬਿਊਰੋ): ਨਿਊਜ਼ੀਲੈਂਡ ਦੇ ਆਕਲੈਂਡ 'ਚ ਵੀਰਵਾਰ ਨੂੰ ਮਹਿਲਾ ਫੀਫਾ ਵਿਸ਼ਵ ਕੱਪ ਸ਼ੁਰੂ ਹੋਣ ਤੋਂ ਕੁਝ ਘੰਟੇ ਪਹਿਲਾਂ ਗੋਲੀਬਾਰੀ ਹੋਈ। ਇਸ 'ਚ 2 ਲੋਕਾਂ ਦੀ ਮੌਤ ਹੋ ਗਈ। ਗੋਲੀਬਾਰੀ 'ਚ ਇਕ ਪੁਲਸ ਮੁਲਾਜ਼ਮ ਸਮੇਤ 6 ਲੋਕ ਜ਼ਖਮੀ ਹੋ ਗਏ। ਬੀਬੀਸੀ ਮੁਤਾ-ਬਕ ਗੋਲੀ ਚਲਾਉਣ ਵਾਲੇ ਵਿਅਕਤੀ ਦੀ ਵੀ ਮੌਤ ਹੋ ਗਈ।



ਪ੍ਰਧਾਨ ਮੰਤਰੀ ਕ੍ਰਿਸ ਹਿਪਕਿੰਸ ਨੇ ਕਿਹਾ ਕਿ ਇਹ ਕੋਈ ਅੱਤਵਾਦੀ ਹਮਲਾ ਨਹੀਂ ਹੈ। ਉਨ੍ਹਾਂ ਕਿਹਾ- ਇਹ ਰਾਸ਼ਟਰੀ ਸੁਰੱਖਿਆ ਲਈ ਖਤਰੇ ਨਾਲ ਜੁੜਿਆ ਮਾਮਲਾ ਨਹੀਂ ਹੈ। ਟੂਰਨਾਮੈਂਟ ਯੋਜਨਾ ਅਨੁਸਾਰ ਸ਼ੁਰੂ ਹੋਵੇਗਾ। ਗੋਲੀਬਾਰੀ ਉਸ ਹੋਟਲ ਦੇ ਨੇੜੇ ਹੋਈ ਜਿੱਥੇ ਨਾਰਵੇ ਦੇ ਖਿਡਾਰੀ ਠਹਿਰੇ ਹੋਏ ਹਨ। ਕਈ ਖਿਡਾਰੀਆਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਸੁਰੱਖਿਆ ਬਾਰੇ ਜਾਣਕਾਰੀ ਦਿੱਤੀ ਹੈ।

ਸ਼ੂਟਿੰਗ ਤੋਂ ਬਾਅਦ ਸ਼ਹਿਰ ਵਿੱਚ ਇੱਕ ਫੈਨ ਈਵੈਂਟ ਰੱਦ ਕਰ ਦਿੱਤਾ ਗਿਆ। ਇਤਾਲਵੀ ਟੀਮ ਦੀ ਸਿਖਲਾਈ ਵਿੱਚ ਦੇਰੀ ਹੋਈ ਕਿਉਂਕਿ ਖਿਡਾਰੀਆਂ ਨੂੰ ਕੁਝ ਸਮੇਂ ਲਈ ਆਪਣੇ ਹੋਟਲਾਂ ਤੋਂ ਬਾਹਰ ਨਾ ਜਾਣ ਦਾ ਹੁਕਮ ਦਿੱਤਾ ਗਿਆ ਸੀ।

ਅਮਰੀਕੀ ਦੂਤਾਵਾਸ ਨੇ ਦੱਸਿਆ ਕਿ ਉਸ ਦੇ ਖਿਡਾਰੀ ਸੁਰੱਖਿਅਤ ਹਨ। ਉਨ੍ਹਾਂ ਕਿਹਾ- ਵਿਸ਼ਵ ਕੱਪ ਦੇ ਉਦਘਾਟਨੀ ਸਮਾਰੋਹ ਵਿੱਚ ਰਾਸ਼ਟਰਪਤੀ ਵਫ਼ਦ ਦੀ ਅਗਵਾਈ ਕਰਨ ਵਾਲੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਦੇ ਪਤੀ ਡਗਲਸ ਐਮਹੋਫ ਸਾਰੇ ਖਿਡਾਰੀਆਂ ਸਮੇਤ ਸੁਰੱਖਿਅਤ ਹਨ।

ਫੀਫਾ ਨੇ ਕਿਹਾ-ਸਾਨੂੰ ਪੂਰੇ ਮਾਮਲੇ ਬਾਰੇ ਦੱਸਿਆ ਗਿਆ ਹੈ। ਇਸ ਨਾਲ ਟੂਰਨਾਮੈਂਟ ਦੇ ਪ੍ਰੋਗਰਾਮ 'ਤੇ ਕੋਈ ਅਸਰ ਨਹੀਂ ਪਵੇਗਾ। ਉਦਘਾਟਨੀ ਮੈਚ ਆਪਣੇ ਪ੍ਰੋਗਰਾਮ ਅਨੁਸਾਰ ਰਾਤ ਨੂੰ ਸ਼ੁਰੂ ਹੋਵੇਗਾ।

## ਦੁਨੀਆਂ ਦਾ ਸਭ ਤੋਂ ਵੱਡਾ ਕਰੂਜ਼ ਜਹਾਜ਼ 'ਆਈਕਨ ਆਫ਼ ਦਾ ਸੀਜ਼' ਜਨਵਰੀ 2024 ਵਿੱਚ ਦੇਖਿਆ ਜਾਵੇਗਾ

### ਟਾਈਟੈਨਿਕ ਤੋਂ ਹੋਵੇਗਾ 5 ਗੁਣਾ ਵੱਡਾ ਅਤੇ ਭਾਰੀ

ਵਾਸ਼ਿੰਗਟਨ, 20 ਜੁਲਾਈ (ਪੋਸਟ ਬਿਊਰੋ): ਕਰੂਜ਼ ਜਹਾਜ਼ ਦੀ ਗੱਲ ਕਰੀਏ ਤਾਂ 'ਟਾਈਟੈਨਿਕ' ਦਾ ਨਾਂ ਅਕਸਰ ਲੋਕਾਂ ਦੇ ਦਿਮਾਗ 'ਚ ਆਉਂਦਾ ਹੈ। ਪਰ, ਇੱਕ ਕਰੂਜ਼ ਜਹਾਜ਼ ਜਨਵਰੀ 2024 ਵਿੱਚ ਲਾਂਚ ਹੋਣ ਜਾ ਰਿਹਾ ਹੈ ਅਤੇ ਇਹ ਦੁਨੀਆਂ ਦਾ ਸਭ ਤੋਂ ਵੱਡਾ ਕਰੂਜ਼ ਜਹਾਜ਼ ਹੋਵੇਗਾ।

ਇਸ ਦਾ ਨਾਂ 'ਆਈਕਨ ਆਫ਼ ਦਾ ਸੀਜ਼' ਹੈ। ਟਾਈਟੈਨਿਕ ਬਾਰੇ ਇਹ ਦਾਅਵਾ ਕੀਤਾ ਗਿਆ ਸੀ ਕਿ ਇਹ ਕਦੇ ਵੀ ਨਾ ਡੁੱਬਣ ਵਾਲਾ ਜਹਾਜ਼ ਹੈ। ਹਾਲਾਂਕਿ 'ਆਈਕਨ ਆਫ ਦਿ ਸੀਜ਼' ਨੂੰ ਲੈ ਕੇ ਅਜਿਹਾ ਕੋਈ ਦਾਅਵਾ ਨਹੀਂ ਕੀਤਾ ਜਾ ਰਿਹਾ ਹੈ। ਹਾਲਾਂਕਿ, ਇਹ ਤੈਅ ਹੈ ਕਿ ਜਦੋਂ ਤੋਂ ਇਸ ਦੇ ਨਿਰਮ-ਾਤਾ ਰਾਇਲ ਕੈਰੇਬੀਅਨ ਇੰਟਰਨੈਸ਼ਨਲ ਨੇ ਇਸ ਦੇ ਲਾਂਚ ਬਾਰੇ ਜਾਣਕਾਰੀ ਦਿੱਤੀ ਹੈ, ਉਦੋਂ ਤੋਂ ਹੀ ਸੋਸ਼ਲ ਮੀਡੀਆ 'ਤੇ ਕੁਝ ਲੋਕ ਇਸ ਨੂੰ ਭਿਆਨਕ ਜਾਂ ਵਿਸ਼ਾਲ ਕਹਿ ਕੇ ਤੰਜ ਕਸ ਰਹੇ ਹਨ।



ਇਸ ਕਰੂਜ਼ ਜਹਾਜ਼ ਵਿਚ 5610 ਯਾਤਰੀ ਅਤੇ 2350 ਚਾਲਕ ਦਲ ਦੇ ਮੈਂਬਰ ਬੈਠ ਸਕਦੇ ਹਨ। ਇਹ ਟਾਈਟੈਨਿਕ ਤੋਂ 5 ਗੁਣਾ ਵੱਡਾ ਅਤੇ ਇੰਨਾ ਹੀ ਭਾਰੀ ਹੈ।

ਇਸ ਕਰੂਜ਼ ਜਹਾਜ਼ 'ਤੇ ਕੁੱਲ 7 ਲਗਜ਼ਰੀ ਬਲੈਂਡ ਸਵਿਮਿੰਗ ਪੂਲ ਹਨ। ਇਸ ਤੋਂ ਇਲਾਵਾ ਵਾਟਰ ਪਾਰਕ ਵੀ ਹੈ। ਇਹ ਵਾਟਰ ਪਾਰਕ ਦੁਨੀਆਂ ਦੇ ਕਿਸੇ ਵੀ ਵਾਟਰ ਪਾਰਕ ਨਾਲੋਂ ਵੱਡਾ ਅਤੇ ਵਧੀਆ ਹੈ। ਵਾਟਰ ਪਾਰਕ ਨੂੰ ਸ਼੍ਰੇਣੀ-6 ਦਾ ਨਾਂ ਦਿੱਤਾ ਗਿਆ ਹੈ। ਇਸ ਵਿੱਚ ਕੁੱਲ 7 ਵਾਟਰ ਸਲਾਈਡ ਹਨ।

## ਆਸਟ੍ਰੇਲੀਆ ਦੇ ਬੀਚ 'ਤੇ ਦੇਖਣ ਨੂੰ ਮਿਲੀ ਅਜੀਬ ਚੀਜ਼, ਦੇਖ ਕੇ ਸਭ ਹੈਰਾਨ

ਕੈਨਬਰਾ, 20 ਜੁਲਾਈ (ਪੋਸਟ ਬਿਊਰੋ): ਆਸਟ੍ਰੇਲੀਆ ਦੇ ਬੀਚ 'ਤੇ ਅਜਿਹੀ ਅਜੀਬ ਚੀਜ਼ ਦੇਖਣ ਨੂੰ ਮਿਲੀ ਹੈ, ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਹੈ। ਇਹ ਰਹੱਸਮਈ ਚੀਜ਼ ਧਾਤ ਦੀ ਬਣੀ ਹੋਈ ਸੀ, ਜਿਸ ਦੀ ਸ਼ਕਲ ਬੇਲਨਾਕਾਰ ਸੀ ਅਤੇ ਇਹ ਲਗਭਗ 2 ਮੀਟਰ ਸੀ। ਇਹ ਇਨੀ ਅਜੀਬ ਸੀ ਕਿ ਇਸ ਨੂੰ ਦੇਖ ਕੇ ਆਸਟ੍ਰੇਲੀਆਈ ਪੁਲਿਸ ਵੀ ਹੈਰਾਨ ਰਹਿ ਗਈ। ਪੁਲਸ ਨੇ ਆਪਣੇ ਸ਼ੁਰੂਆਤੀ ਬਿਆਨ 'ਵਿਚ ਕਿਹਾ ਕਿ ਇਸ ਦੀ ਜਾਂਚ ਲਈ ਫੌਜ ਨਾਲ ਸੰਪਰਕ ਕੀਤਾ ਜਾ ਰਿਹਾ ਹੈ।



ਜਦੋਂ ਤਸਵੀਰਾਂ ਸਾਹਮਣੇ ਆਈਆਂ ਤਾਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਕਿਸੇ ਪੁਲਾੜ ਯਾਨ ਦੇ ਰਾਕੇਟ ਦਾ ਮਲਬਾ ਹੋ ਸਕਦਾ ਹੈ। ਇਹ ਸਪੱਸ਼ਟ ਨਹੀਂ ਹੈ ਪਰ ਇਹ ਅੰਦਾਜ਼ਾ ਵੀ ਲਗਾਇਆ ਜਾ ਰਿਹਾ ਹੈ ਕਿ ਇਹ ਭਾਰਤ ਤੋਂ ਕਿਸੇ ਪੁਰਾਣੇ ਪੀਐੱਸਐਲਵੀ ਲਾਂਚ ਦਾ ਇੱਕ ਪੜਾਅ ਹੋ ਸਕਦਾ ਹੈ ਜਾਂ ਚੰਦਰਯਾਨ 3 ਨੂੰ ਛੱਡਣ ਵਾਲੇ ਰਾਕੇਟ ਦਾ ਮਲਬਾ ਹੋ ਸਕਦਾ ਹੈ। ਹਾਲਾਂਕਿ ਇਸ ਤਰ੍ਹਾਂ ਦੀ ਕਿਸੇ ਵੀ ਗੱਲ ਦੀ ਪੁਸ਼ਟੀ ਨਹੀਂ ਹੋਈ ਹੈ।

ਏਜੰਸੀ ਨੇ ਟਵੀਟ ਕੀਤਾ ਕਿ ਅਸੀਂ ਇਸ ਸਮੇਂ ਪੱਛਮੀ ਆਸਟ੍ਰੇਲੀਆ ਦੇ ਜੁਰੀਅਨ ਬੇ ਦੇ ਕੋਲ ਬੀਚ 'ਤੇ ਮਿਲੀ ਇਸ ਵਸਤੂ ਬਾਰੇ ਪੁੱਛਗਿੱਛ ਕਰ ਰਹੇ ਹਾਂ। ਇਸ ਨੂੰ ਏਲੀਅਨ ਸਪੇਸ ਲਾਂਚ ਵਹੀਕਲ ਨਾਲ ਜੋੜਿਆ ਜਾ ਸਕਦਾ ਹੈ। ਅਸੀਂ ਗਲੋਬਲ ਹਮਰੁਤਬਾ ਦੇ ਸੰਪਰਕ ਵਿੱਚ ਹਾਂ ਜੋ ਹੋਰ ਜਾਣਕਾਰੀ ਪ੍ਰਦਾਨ ਕਰਨ ਦੇ ਯੋਗ ਹੋ ਸਕਦੇ ਹਨ। ਏਜੰਸੀ ਨੇ ਸਥਾਨਕ ਲੋਕਾਂ ਨੂੰ ਵਸਤੂ ਤੋਂ ਦੂਰੀ ਬਣਾਈ ਰੱਖਣ ਲਈ ਕਿਹਾ। ਏਜੰਸੀ ਦੇ ਅਨੁਸਾਰ, ਕਿਉਂਕਿ ਵਸਤੂ ਦਾ ਮੂਲ ਅਣਜਾਣ ਹੈ, ਭਾਈਚਾਰੇ ਨੂੰ ਵਸਤੂ ਨੂੰ ਸੰਭਾਲਣ ਜਾਂ ਹਿਲਾਉਣ ਦੀ ਕੋਸ਼ਿਸ਼ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਆਸਟ੍ਰੇਲੀਅਨ ਪੁਲਾੜ ਏਜੰਸੀ ਨੇ ਇਹ ਵੀ ਕਿਹਾ ਕਿ ਜੇਕਰ ਆਸਟ੍ਰੇਲੀਅਨ ਕੋਈ ਹੋਰ ਸ਼ੱਕੀ ਮਲਬਾ ਦੇਖਦੇ ਹਨ, ਤਾਂ ਉਨ੍ਹਾਂ ਨੂੰ ਸਥਾਨਕ ਅਧਿਕਾਰੀਆਂ ਅਤੇ ਆਸਟ੍ਰੇਲੀਅਨ ਪੁਲਾੜ ਏਜੰਸੀ ਨੂੰ ਇਸ ਦੀ ਸੂਚਨਾ ਦੇਣੀ ਚਾਹੀਦੀ ਹੈ।

# ਬ੍ਰਿਟੇਨ ਦੇ ਪ੍ਰਧਾਨ ਮੰਤਰੀ ਸੁਨਕ ਨੇ ਕਿਹਾ: ਜਿਸ ਕੋਰਸ ਵਿਚ ਜ਼ਿਆਦਾ ਡ੍ਰਾਪਆਊਟ ਜਾਂ ਨੌਕਰੀਆਂ ਮਿਲਣਾ ਮੁਸ਼ਕਿਲ, ਉਨ੍ਹਾਂ 'ਤੇ ਲੱਗੇਗੀ ਰੋਕ

ਲੰਡਨ, 20 ਜੁਲਾਈ (ਪੋਸਟ ਬਿਊਰੋ): ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸੋਮਵਾਰ ਨੂੰ ਯੂਨੀਵਰਸਿਟੀ 'ਚ ਪੜ੍ਹ ਰਹੇ ਹਜ਼ਾਰਾਂ ਵਿਦਿਆਰਥੀਆਂ ਲਈ ਅਹਿਮ ਫੈਸਲਾ ਲਿਆ ਹੈ। ਯੂਕੇ ਹੁਣ ਉਨ੍ਹਾਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ 'ਤੇ ਪਾਬੰਦੀ ਲਗਾਵੇਗਾ ਜਿਨ੍ਹਾਂ ਵਿਚੋਂ ਸਭ ਤੋਂ ਵੱਧ ਡ੍ਰਾਪਆਊਟ ਹੁੰਦੇ ਹਨ। ਨਾਲ ਹੀ, ਕੋਰਸ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਚੰਗੀਆਂ ਨੌਕਰੀਆਂ ਨਹੀਂ ਮਿਲਦੀਆਂ।

ਸੁਨਕ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਲਿਆਉਣ ਲਈ ਉੱਚ ਸਿੱਖਿਆ ਮੌਕੇ ਲੈਕੇ ਆਵੇ। ਇਸ ਤੋਂ ਬਾਅਦ ਨੌਕਰੀ ਦੇ ਬਾਜ਼ਾਰ ਵਿਚ ਬਦਲਾਅ ਦੇਖਣ ਨੂੰ ਮਿਲੇਗਾ। ਇਸ ਤੋਂ ਇਲਾਵਾ, ਸਿੱਖਿਆ ਵਿਭਾਗ (ਡੀ.ਐੱਫ.ਈ.) ਦੀਆਂ ਸਕੀਮਾਂ ਵਿੱਚ, ਡਿਗਰੀਆਂ ਜਿਨ੍ਹਾਂ ਤੋਂ ਬਾਅਦ ਕੋਰਸ ਉਪਲਬਧ ਨਹੀਂ ਹਨ ਅਤੇ ਉੱਚ ਛੱਡਣ ਵਾਲੀਆਂ ਡਿਗਰੀਆਂ ਨੂੰ ਕੰਟਰੋਲ ਕੀਤਾ ਜਾਵੇਗਾ।



ਸੁਨਕ ਨੇ ਕਿਹਾ ਕਿ ਯੂ.ਕੇ. ਵਿੱਚ ਬਹੁਤ ਸਾਰੀਆਂ ਮਹਾਨ ਯੂਨੀਵਰਸਿਟੀਆਂ ਹਨ ਅਤੇ ਉੱਥੋਂ ਡਿਗਰੀ ਪ੍ਰਾਪਤ ਕਰਨਾ ਬਹੁਤ ਲਾਹੇਵੰਦ ਹੈ, ਪਰ ਕਈ ਸੰਸਥਾਵਾਂ ਹਨ ਜੋ ਨੌਜਵਾਨਾਂ ਨੂੰ ਝੂਠੇ ਸੁਪਨੇ ਵੇਚ ਰਹੀਆਂ ਹਨ। ਅਜਿਹੇ ਅਦਾਰੇ ਟੈਕਸ ਦਾਤਿਆਂ ਦੇ ਖਰਚੇ 'ਤੇ ਨੌਜਵਾਨਾਂ ਨੂੰ ਘਟੀਆ ਕੋਰਸ ਕਰਵਾ ਰਹੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਬੇਕਾਰ ਕੋਰਸ ਦੇਸ਼ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ, ਅਸੀਂ ਹੁਨਰ ਸਿਖਲਾਈ ਦੇ ਪ੍ਰਬੰਧ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਾਂਗੇ। ਨਾਲ ਹੀ, ਸਿੱਖਿਆ ਵਿਭਾਗ ਨੂੰ ਕੋਰਸਾਂ ਵਿੱਚ ਚੰਗੇ ਨਤੀਜੇ ਨਾ ਦੇਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨ ਦੇ ਨਿਰਦੇਸ਼ ਦਿੱਤੇ ਜਾਣਗੇ।

ਯੂ.ਕੇ. ਦੇ ਸਿੱਖਿਆ ਮੰਤਰੀ ਗਿਲੀਅਨ ਕੀਗਨ ਨੇ ਕਿਹਾ ਕਿ ਵਿਦਿਆਰਥੀ ਅਤੇ ਟੈਕਸਦਾਤਾ ਉਮੀਦ ਕਰਦੇ ਹਨ ਕਿ ਉਨ੍ਹਾਂ ਦਾ ਨਿਵੇਸ਼ ਬਰਬਾਦ ਨਹੀਂ ਹੋਵੇਗਾ।

ਰਿਪੋਰਟਾਂ ਅਨੁਸਾਰ, ਯੂ.ਕੇ. ਵਿੱਚ 10 ਵਿੱਚੋਂ 3 ਗ੍ਰੈਜੂਏਟ ਚੰਗੀ ਨੌਕਰੀ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ। ਇਸ ਦੇ ਨਾਲ ਹੀ ਹਾਇਰ ਐਜੂਕੇਸ਼ਨ ਸਟੈਟਿਸਟਿਕਸ ਏਜੰਸੀ ਦੀ ਰਿਪੋਰਟ ਮੁਤਾਬਕ ਬ੍ਰਿਟੇਨ 'ਚ ਐਗਰੀਕਲਚਰ, ਆਰਟਸ, ਆਨਰਜ਼ ਵਰਗੇ ਵਿਸ਼ਿਆਂ ਵਿਚ ਸਭ ਤੋਂ ਜ਼ਿਆਦਾ ਡ੍ਰਾਪਆਊਟ ਦੇ ਮਾਮਲੇ ਸਾਹਮਣੇ ਆਏ ਹਨ।

ਸਰਕਾਰ ਵੱਲੋਂ ਅਜਿਹੀ ਕੋਈ ਸੂਚੀ ਜਾਰੀ ਨਹੀਂ ਕੀਤੀ ਗਈ ਕਿ ਕਿਹੜੇ ਕਿਹੜੇ ਕੋਰਸ ਬੰਦ ਕਰਨ ਲਈ ਤਿਆਰ ਹਨ ਪਰ ਸਰਕਾਰੀ ਸੂਤਰਾਂ ਨੇ ਸਪੱਸ਼ਟ ਕੀਤਾ ਹੈ ਕਿ ਇਸ ਨਵੀਂ ਨੀਤੀ ਕਾਰਨ ਆਰਟਸ ਅਤੇ ਹਿਊਮੈਨਟੀਜ਼ ਦੇ ਕੋਰਸਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।

ਉਮੀਦ ਕੀਤੀ ਜਾਂਦੀ ਹੈ ਕਿ ਕੋਰਸਾਂ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ। ਯੂਕੇ ਸਰਕਾਰ ਜਲਦੀ ਹੀ ਇੱਕ ਨਵਾਂ ਡਿਜ਼ੀਟਲ ਪਲੇਟਫਾਰਮ ਲਾਂਚ ਕਰੇਗੀ। ਜਿੱਥੇ ਨੌਜਵਾਨ ਟੀ ਲੈਵਲ (ਤਕਨੀਕੀ ਅਧਾਰਤ ਯੋਗਤਾ) ਤੋਂ ਲੈ ਕੇ ਸਕਿੱਲ ਬੂਟਕੈਂਪ ਅਤੇ ਲੋੜੀਂਦੇ ਕੋਰਸਾਂ ਦੀ ਜਾਣਕਾਰੀ ਇੱਕੋ ਥਾਂ 'ਤੇ ਪ੍ਰਾਪਤ ਕਰ ਸਕਣਗੇ।

ਸੁਨਕ ਨੇ ਕਿਹਾ ਹੈ ਕਿ ਜ਼ਿੰਦਗੀ ਵਿਚ ਕਾਮਯਾਬ ਹੋਣ ਲਈ ਤੁਹਾਨੂੰ ਯੂਨੀਵਰਸਿਟੀ ਜਾਣ ਦੀ ਲੋੜ ਨਹੀਂ ਹੈ। ਬਹੁਤ ਸਾਰੇ ਲੋਕਾਂ ਲਈ, ਯੂਨੀਵਰਸਿਟੀ ਵਿਚ ਪੜ੍ਹਨਾ ਹੀ ਸਭ ਕੁਝ ਹੈ, ਪਰ ਅਜਿਹੇ ਲੋਕ ਵੀ ਹਨ ਜਿਨ੍ਹਾਂ ਨੂੰ ਮੌਜੂਦਾ ਸਿੱਖਿਆ ਪ੍ਰਣਾਲੀ ਨੇ ਨਿਰਾਸ਼ ਕਰ ਦਿੱਤਾ ਹੈ। ਹਾਲਾਂਕਿ ਉੱਥੇ ਦੀ ਲੇਬਰ ਪਾਰਟੀ ਪ੍ਰਧਾਨ ਮੰਤਰੀ ਦੇ ਬਿਆਨ ਦੀ ਆਲੋਚਨਾ ਕਰ ਰਹੀ ਹੈ। ਉਨ੍ਹਾਂ ਅਨੁਸਾਰ ਇਸ ਨਾਲ ਨੌਜਵਾਨਾਂ ਦੀਆਂ ਇੱਛਾਵਾਂ 'ਤੇ ਰੋਕ ਲੱਗੇਗੀ।




# ਲੇਬਰ ਪਾਰਟੀ ਸ਼ੈਡੋ ਸੈਕਰੇਟਰੀ ਪਰੀਤ ਗਿੱਲ ਤੇ ਸਕਾਟਿਸ਼ ਲੇਬਰ ਪ੍ਰਮੁੱਖ ਅਨਸ ਸਰਵਰ ਵੱਲੋਂ ਸਿੱਖ ਭਾਈਚਾਰੇ ਨਾਲ ਸੰਵਾਦ



### ਸੈਂਟਰਲ ਗੁਰਦੁਆਰਾ ਸਿੰਘ ਸਭਾ ਵਿਖੇ ਭਾਈਚਾਰੇ ਦੇ ਲੋਕਾਂ ਨਾਲ ਕੀਤੀ ਮਿਲਣੀ



ਗਲਾਸਗੋ, 20 ਜੁਲਾਈ (ਮਨਦੀਪ ਖੁਰਮੀ ਹਿੰਮਤਪੁਰਾ): ਲੇਬਰ ਪਾਰਟੀ ਵੱਲੋਂ ਆਪਣੀਆਂ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਂਦਿਆਂ ਸਕਾਟਲੈਂਡ ਦੇ ਵੱਖ ਵੱਖ ਭਾਈਚਾਰਿਆਂ ਨਾਲ ਮਿਲਣੀਆਂ ਦਾ ਦੌਰ ਆਰੰਭਿਆ ਹੋਇਆ ਹੈ। ਇਸੇ ਲੜੀ ਤਹਿਤ ਲੇਬਰ ਪਾਰਟੀ ਦੀ ਸ਼ੈਡੋ ਸੈਕਰੇਟਰੀ ਫੌਰ ਇੰਟਰਨੈਸ਼ਨਲ ਡਿਵੈੱਲਪਮੈਂਟ ਪਰੀਤ ਗਿੱਲ ਤੇ ਸਕਾਟਿਸ਼ ਲੇਬਰ ਪਾਰਟੀ ਪ੍ਰਧਾਨ ਅਨਸ ਸਰਵਰ ਵੱਲੋਂ ਗਲਾਸਗੋ ਸਥਿਤ ਸਿੱਖ ਭਾਈਚਾਰੇ ਨਾਲ ਸੰਵਾਦ ਰਚਾਇਆ ਗਿਆ। ਪਰੀਤ ਗਿੱਲ ਤੇ ਅਨਸ ਸਰਵਰ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਕਾਨਫਰੰਸ ਹਾਲ ਵਿੱਚ ਭਾਈਚਾਰੇ ਦੇ ਲੋਕਾਂ ਨਾਲ ਮਿਲਣੀ ਕੀਤੀ। ਸਮਾਗਮ ਦੀ ਸ਼ੁਰੂਆਤ ਗੁਰਸਿੰਦਰ ਕੌਰ ਭੰਡਾਲ ਵੱਲੋਂ ਸਵਾਗਤੀ ਸ਼ਬਦਾਂ ਨਾਲ ਹੋਈ। ਇਸ ਉਪਰੰਤ ਸਕਾਟਿਸ਼ ਲੇਬਰ ਪ੍ਰਧਾਨ ਅਨਸ ਸਰਵਰ ਨੇ ਆਪਣੀ ਪਾਰਟੀ ਦੀਆਂ ਨੀਤੀਆਂ ਬਾਰੇ ਬੋਲਦਿਆਂ ਭਾਈਚਾਰੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਗਰਮ ਸਿਆਸਤ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨ। ਪਰੀਤ ਗਿੱਲ ਨੇ ਬੋਲਦਿਆਂ ਕਿਹਾ ਕਿ ਸਾਡੇ ਮਾਪਿਆਂ ਨੇ ਸਾਨੂੰ ਸਰਬੱਤ ਦੇ ਭਲੇ ਦਾ ਹੀ ਪਾਠ ਪੜ੍ਹਾਇਆ ਹੈ। ਲੇਬਰ ਪਾਰਟੀ ਨਾਲ ਜੁੜ ਕੇ ਉਸ ਸੋਚ ਨੂੰ ਵਿਸ਼ਵ ਪੱਧਰ 'ਤੇ ਲਾਗੂ ਕਰਨ ਵਿੱਚ ਆਪਣੇ ਵੱਲੋਂ ਨਿਮਾਣੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਭਾਈਚਾਰੇ ਦੇ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕਰਦਿਆਂ ਲੇਬਰ ਪਾਰਟੀ ਦੇ ਸਾਥੀ ਬਣਨ ਲਈ ਕਿਹਾ ਗਿਆ। ਕਾਰੋਬਾਰੀ ਤੇ ਸਾਬਕਾ ਕੌਂਸਲਰ ਸੋਹਣ ਸਿੰਘ ਰੰਧਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਰੀਤ ਗਿੱਲ ਤੇ ਅਨਸ ਸਰਵਰ ਲੇਬਰ ਪਾਰਟੀ ਲਈ ਅਥਾਹ ਕਾਰਜ ਕਰ ਰਹੇ ਹਨ। ਉਹਨਾਂ ਆਸ ਪ੍ਰਗਟ ਕੀਤੀ ਕਿ ਪਰੀਤ ਗਿੱਲ ਆਉਣ ਵਾਲੀ ਸਰਕਾਰ ਵਿੱਚ ਸ਼ੈਡੋ ਕੈਬਨਿਟ ਦੀ ਬਜਾਏ ਲੇਬਰ ਸਰਕਾਰ ਦੀ ਕੈਬਨਿਟ ਵਿੱਚ ਅਤੇ ਅਨਸ ਸਰਵਰ ਸਕਾਟਲੈਂਡ ਦੇ ਫਸਟ ਮਨਿਸਟਰ ਬਣ ਕੇ ਸੇਵਾਵਾਂ ਨਿਭਾਉਣਗੇ। ਉਹਨਾਂ ਭਾਈਚਾਰੇ ਦੇ ਲੋਕਾਂ ਨੂੰ ਇਹਨਾਂ ਪ੍ਰਤਿਭਾਸ਼ਾਲੀ ਨੌਜਵਾਨਾਂ ਦਾ ਸਾਥ ਦੇਣ ਦੀ ਬੇਨਤੀ ਕੀਤੀ। ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਦੇ ਸਾਬਕਾ ਪ੍ਰਧਾਨ ਸੁਰਜੀਤ ਸਿੰਘ ਚੌਧਰੀ (ਐੱਮ ਬੀ ਈ) ਨੇ ਦੋਵੇਂ ਨੇਤਾਵਾਂ ਨੂੰ ਅਪੀਲ ਕੀਤੀ ਕਿ ਉਹ ਸਿੱਖ ਭਾਈਚਾਰੇ ਨੌਜਵਾਨਾਂ ਨੂੰ ਵੀ ਲੇਬਰ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਢੁਕਵੀਂ ਜਗ੍ਹਾ ਦੇਣ ਲਈ ਤਿਆਰ ਹੋਣ। ਸਿੱਖ ਏਡ ਸਕਾਟਲੈਂਡ ਦੇ ਮੁੱਖ ਸੇਵਾਦਾਰ ਗੁਰਦੀਪ ਸਿੰਘ ਸਮਰਾ ਤੇ ਸੁਲੱਖਣ ਸਿੰਘ ਸਮਰਾ ਨੇ ਸੰਬੋਧਨ ਦੌਰਾਨ ਸਿੱਖ ਏਡ ਸਕਾਟਲੈਂਡ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਉਲੇਖ ਕਰਦਿਆਂ ਸੰਸਥਾ ਅਤੇ ਹੋਰ ਸੰਸਥਾਵਾਂ ਦੇ ਸਹਿਯੋਗ ਲਈ ਠੋਸ ਰਣਨੀਤੀ ਬਣਾਉਣ ਲਈ ਬੇਨਤੀ ਕੀਤੀ। ਇਸ ਸਮੇਂ ਰਚਾਏ ਸੰਵਾਦ ਦੌਰਾਨ ਸਿੱਖ ਨੌਜਵਾਨ ਆਗੂ ਚਰਨਦੀਪ ਸਿੰਘ, ਕੌਂਸਲਰ ਗੁਰਪ੍ਰੀਤ ਸਿੰਘ ਜੌਹਲ, ਰਵਿੰਦਰ ਕੌਰ ਆਦਿ ਵੱਲੋਂ ਪਾਰਟੀ ਆਗੂਆਂ ਨੂੰ ਆਪਣੇ ਸਵਾਲ ਕੀਤੇ। ਪਰੀਤ ਗਿੱਲ ਤੇ ਅਨਸ ਸਰਵਰ ਵੱਲੋਂ ਉਹਨਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਬਹੁਤ ਹੀ ਸੁਖਦ ਮਾਹੌਲ ਵਿੱਚ ਸਮਾਗਮ ਨੂੰ ਨੇਪਰੇ ਚਾੜ੍ਹਿਆ। ਅੰਤ ਵਿੱਚ ਸੈਂਟਰਲ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਖਹਿਰਾ ਵੱਲੋਂ ਲੇਬਰ ਪਾਰਟੀ ਨੇਤਾਵਾਂ ਅਤੇ ਭਾਈਚਾਰੇ ਦੇ ਲੋਕਾਂ ਦਾ ਧੰਨਵਾਦ ਕੀਤਾ। ਇਸ ਸਮੇਂ ਡਾ: ਇੰਦਰਜੀਤ ਸਿੰਘ (ਐੱਮ ਬੀ ਈ), ਜਸਪਾਲ ਸਿੰਘ ਖਹਿਰਾ, ਗੁਰੂ ਤੇਗ ਬਹਾਦਰ ਗੁਰਦੁ-ਆਰਾ ਸਾਹਿਬ ਦੀ ਤਰਫੋਂ ਜਿੱਤ ਸਿੰਘ ਮਸਤਾਨ, ਹਰਪਾਲ ਸਿੰਘ (ਮੀਤ ਪ੍ਰਧਾਨ ਸੈਂਟਰਲ ਗੁਰਦੁਆਰਾ ਸਿੰਘ ਸਭਾ), ਨਿਰੰਜਣ ਸਿੰਘ ਬਿਨਿੰਗ, ਵਿਜੈਪਾਲ ਸਿੰਘ ਵਿਰ੍ਹੀਆ, ਰੇਸ਼ਮ ਸਿੰਘ ਲਲਤੋਂ, ਲੀਡਰ ਸਾਹਿਬ, ਜਸਬੀਰ ਸਿੰਘ ਜੌਹਲ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ ਖਹਿਰਾ, ਸੁਰਿੰਦਰ ਕੌਰ ਪੱਡਾ, ਗੁਰਮੀਤ ਸਿੰਘ ਮੁਲਤਾਨੀ, ਸੁਖਦੇਵ ਸਿੰਘ ਰਾਹੀ, ਡਾ: ਸਤਵੰਤ ਸਿੰਘ ਮੁਲਤਾਨੀ, ਕਸ਼ਮੀਰ ਸਿੰਘ ਉੱਪਲ ਸਮੇਤ ਭਾਰੀ ਗਿਣਤੀ ਵਿੱਚ ਭਾਈਚਾਰੇ ਦੀਆਂ ਸਖਸ਼ੀਅਤਾਂ ਹਾਜ਼ਰ ਸਨ। ਜੈਕਾਰੇ ਦੀ ਗੂੰਜ ਵਿੱਚ ਸਮਾਗਮ ਸੰਪੰਨ ਹੋਇਆ।

URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA

MCNE, REAL ESTATE BROKER

416-371-7777

e-mail: j.aujla@rogers.com or visit: www.jagaujla.com


MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲ੍ਹੇ-ਡੁਲ੍ਹੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਥਰਾ, ਮਾਡਰਨ ਲੇਆਉਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲ੍ਹੇ-ਡੁਲ੍ਹੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਥਰਾ, ਮਾਡਰਨ ਲੇਆਉਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC. Ph:905-456-3232

JAG AUJLA 416-371-7777

MCNE, Real Estate Broker

NOT INTENDED TO SOLICIT BUYERS OR SELLERS CURRENTLY UNDER CONTRACT



Office: 416-654-1010

Sutton

Sutton Group Security Real Estate Brokerage
2700 Dufferin St #47, Toronto ON M6B4J3




"For all your real estate needs"

Anabela Serra

Sales Representative

416-400-5825

anabelserra75@gmail.com



$1,149,000


98 JOHN ST E

Bradford West Gwillimbury, Ontario L3Z1G4

A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters

97 JOHN ST E

Bradford West Gwillimbury, Ontario L3Z2B5




$1,089,000

A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

103 JOHN ST W

Bradford West Gwillimbury, Ontario L3Z2A8




$799,000

**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

6273 YONGE ST

Innisfil, Ontario L0L1K0



$799,000

Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.

2217 VICTORIA ST

Innisfil, Ontario L9S1A8



$499,000

Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.


ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

### CHANGE OF NAME

**I Harpreet Kaur Brar** D/o Dharamdev Singh Address: 131 Sunny Meadow Blvd., Brampton, L6R 2H8, ON has changed my name to **'Harpreet Kaur Badesha'**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com


Visions of Punjab



VISION ZOOMERTV

Airs Across Canada Every Saturday 1:00 pm to 1:30 pm EST 10:00 am to 10:30 am PST

Mahal Entertainment Inc.

Cell:416-587-5520 Email: iqbalmahal46@gmail.com

Natasha Mahal Co-Host

Iqbal Mahal Producer & Host

Serving the South Asian Community Since 1976

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092

www.STARLANEPAINTING.com

ਹਰਜੀਤ ਧਨੋਆ

ਸੈਲ ਐਂਡ ਫਿਕਸ



ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।

ਫੋਨ: 905-790-9999

2565 Steeles Ave E unit 3, Brampton, ON L6T 4L6







FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017